# ਪੰਜਾਬੀ ਸਾਹਿਤਕ ਮੁਲਾਕਾਤਾਂ : ਵਿਧਾਗਤ ਸਰੂਪ ਅਤੇ ਪ੍ਰਕਾਰਜ

**ਡਾ. ਗੁਰਮੁਖ ਸਿੰਘ**

ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਾਹਿਤਕ ਮੁਲਾਕਾਤਾਂ ਲਿਖਤ ਦੀ ਇਕ-ਸੁਰੀ ਹੋਂਦ ਦੇ ਸਮਵਿੱਥ ਸੰਵਾਦੀ ਵਿਧਾ ਦੇ ਰੂਪ ਵਿਚ ਆਕਾਰ ਗ੍ਰਹਿਣ ਕਰਦੀਆਂ ਹਨ। ਸਾਹਿਤਕ ਮੁਲਾਕਾਤਾਂ ਕਿਸੇ ਵੱਡੇ ਲੇਖਕ ਨਾਲ ਸੰਵਾਦ ਰਚਾ ਕੇ ਉਸ ਦੇ ਸਾਹਿਤਕ ਅਤੇ ਅਸਤਿਤਵੀ ਸਰੋਕਾਰਾਂ ਨੂੰ ਜਾਣਨ ਅਤੇ ਸਮਝਣ ਦਾ ਕਲਾਮਈ ਢੰਗ ਹਨ। ਇਨ੍ਹਾਂ ਦਾ ਸੰਬੰਧ ਉਸ ਚਿੰਤਨੀ ਪੁਣਛਾਣ ਨਾਲ ਵੀ ਹੈ ਜਿਸ ਅਧੀਨ ਆਲੋਚਕ, ਲੇਖਕ ਅਤੇ ਉਸ ਦੀ ਲਿਖਤ ਦੇ ਆਪਸੀ ਸੰਬੰਧਾਂ ਦੀਆਂ ਸਮੀਕਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਇਹ ਮੁਲਾਕਾਤਾਂ ਲੇਖਕ ਵਿਸ਼ੇਸ਼ ਦੇ ਰਚਨਾ ਜਗਤ ਵਿੱਚੋਂ ਉਭਰਦੇ ਬਿੰਬ ਨੂੰ ਉਸ ਦੇ ਅਸਲ ਜ਼ਿੰਦਗੀ ਵਿਚਲੇ ਨਿੱਜ ਦੀ ਤੁਲਨਾ ਵਿੱਚ ਰੱਖ ਕੇ ਮਨੁੱਖੀ ਸੁਭਾਅ ਦੀਆਂ ਸੂਖ਼ਮ ਤੈਹਾਂ ਦੀ ਟੋਹ ਦਿੰਦੀਆਂ ਹਨ।

ਸਮਕਾਲੀ ਪੰਜਾਬੀ ਸਾਹਿਤ ਵਿੱਚ ਸਾਹਿਤਕ ਮੁਲਾਕਾਤਾਂ ਭਰਪੂਰ ਮਾਤਰਾ ਵਿੱਚ ਮੌਜੂਦ ਹਨ। ਵਿਭਿੰਨ ਸਾਹਿਤਕ ਰਸਾਲਿਆਂ ਦੇ ਵੱਖ-ਵੱਖ ਅੰਕਾਂ ਦਾ ਇਹ ਪ੍ਰਤਿਨਿਧ ਅਤੇ ਆਕਰਸ਼ਕ ਵਰਤਾਰਾ ਹਨ। ਪੰਜਾਬੀ ਸਾਹਿਤ ਦੇ ਚਿੱਤਰਪਟ ਤੇ ਇਸ ਵਿਧਾ ਦੀਆਂ ਰਚਨਾਵਾਂ ਦਾ ਉਦੈ ਨੱਬਵਿਆਂ ਵਿੱਚ ਤੇਜ਼ੀ ਨਾਲ ਹੁੰਦਾ ਹੈ। ਜਿਉਂ ਜਿਉਂ ਸਾਹਿਤਕ ਰਸਾਲਿਆਂ ਦੀ ਗਿਣਤੀ ਵੱਧਦੀ ਗਈ ਤਿਉਂ ਤਿਉਂ ਸਾਹਿਤਕ ਮੁਲਾਕਾਤਾਂ ਦਾ ਚਲਨ ਵੀ ਤੇਜ਼ੀ ਫੜਦਾ ਗਿਆ। ਉਂਝ ਇਸ ਵਿਧਾ ਦੀ ਪਹਿਲੀ ਕਿਤਾਬ 'ਗੁਫ਼ਤਗੂ' ਸਿਰਲੇਖ ਹੇਠ 1984 ਵਿੱਚ ਛਪਦੀ ਹੈ।ਇਸ ਕਿਤਾਬ ਦੇ ਮੁਲਾਕਾਤ ਕਰਤਾ ਡਾ. ਹਰਚੰਦ ਸਿੰਘ ਬੇਦੀ ਸਨ। ਸਾਹਿਤਕ ਮੁਲਾਕਾਤਾਂ ਦੀ ਵਿਧਾ ਦੇ ਵਿਸਥਾਰ ਵਿੱਚ ਪੰਜਾਬ ਸਾਹਿਤ ਅਕਾਦਮੀ ਆਪਣੇ ਇੱਕ ਪ੍ਰੋਜੈਕਟ ਰਾਹੀਂ ਮਹੱਤਵਪੂਰਨ ਰੋਲ ਅਦਾ ਕਰਦੀ ਪੰਜਾਬੀ ਸਾਹਿਤਕ ਜਗਤ ਦੇ ਵੱਡੇ ਨਾਵਾਂ ਨਾਲ ਵਿਭਿੰਨ ਚਿੰਤਕਾਂ ਵੱਲੋਂ ਕੀਤੀਆਂ ਮੁਲਾਕਾਤਾਂ ਨੂੰ ਪੁਸਤਕਾਂ ਦੇ ਰੂਪ ਵਿੱਚ ਛਾਪਦੀ ਹੈ। ਜਸਬੀਰ ਭੁੱਲਰ ਦੁਆਰਾ ਕੀਤੀਆਂ ਮੁਲਾਕਾਤਾਂ ਦੀ ਕਿਤਾਬ 'ਲਿਖਣ ਵੇਲਾ' ਇਸ ਪ੍ਰੋਜੈਕਟ ਦੀ ਪਹਿਲੀ ਕਿਤਾਬ ਸੀ ਜਿਹੜੀ 1994 ਵਿੱਚ ਛਪ ਕੇ ਪਾਠਕਾਂ ਸਾਹਮਣੇ ਆਉਂਦੀ ਹੈ। 'ਹੁਣ' ਮੈਗਜ਼ੀਨ ਵਿੱਚ ਛਪ ਰਹੀਆਂ ਮੁਲਾਕਾਤਾਂ ਵੀ ਇਸ ਵਿਧਾ ਦੇ ਪ੍ਰਸੰਗ ਵਿਚ ਗੌਲਣਯੋਗ ਭੂਮਿਕਾ ਅਦਾ ਕਰ ਰਹੀਆਂ ਹਨ।

ਵਕਤ ਦੇ ਇਸ ਮੋੜ 'ਤੇ ਸਾਹਿਤਕ ਮੁਲਾਕਾਤਾਂ ਪੰਜਾਬੀ ਸਾਹਿਤਕ ਜਗਤ ਦਾ ਇੱਕ ਨਿਰੰਤਰ ਘਟਿਤ ਹੋਣ ਵਾਲਾ ਵਰਤਾਰਾ ਬਣ ਚੁੱਕੀਆਂ ਹਨ। ਅਜਿਹੀ ਸਥਿਤੀ ਇਨ੍ਹਾਂ ਮੁਲਾਕਾਤਾਂ ਦੇ ਵਿਧਾ ਅਧਿਐਨ ਦਾ ਠੋਸ ਪ੍ਰੇਰਕ ਬਣਦੀ ਹੈ। ਵਿਧਾ ਦੇ ਤੌਰ ਤੇ ਸਾਹਿਤਕ ਮੁਲਾਕਾਤਾਂ ਦੇ ਨਿੱਖੜਵੇਂ ਲੱਛਣਾਂ ਦੀ ਪਛਾਣ-ਪ੍ਰਕਿਰਿਆ ਨੇ ਹਾਲੇ ਆਰੰਭ ਹੋਣਾ ਹੈ। ਇਸ ਪ੍ਰਕਿਰਿਆ ਦੇ ਆਰੰਭ ਹੋਣ ਨਾਲ ਹੀ ਇਸ ਵਿਧਾ ਦੇ ਵਿਭਿੰਨ ਪਹਿਲੂਆਂ ਦੀ ਸਹੀ ਅਤੇ ਸਾਰਥਕ ਨਿਸ਼ਾਨਦੇਹੀ ਸੰਭਵ ਹੋ ਸਕਦੀ ਹੈ।

ਮੁਲਾਕਾਤ ਦੋ ਵਿਅਕਤੀਆਂ ਦੇ ਸਿਰਜਣਾਤਮਕ ਹੁੰਗਾਰੇ ਨਾਲ ਸਿਰਜਿਆ ਰੂਪ ਹੈ।ਮੁਲਾਕਾਤ ਕਰਤਾ ਅਤੇ ਉੱਤਰਦਾਤਾ ਇਸ ਵਿਧਾ ਦੀਆਂ ਦੋ ਅਹਿਮ ਕੜੀਆਂ ਹਨ। ਮੁਲਾਕਾਤ ਕਰਤਾ ਦੀ ਸਿਰਜਣਾਤਮਕਤਾ ਉਸਦੀ ਸੂਖ਼ਮ ਤੇ ਸਾਰਥਕ ਜਗਿਆਸਾ ਵਿੱਚ ਹੈ ਤੇ ਉੱਤਰਦਾਤਾ ਦੀ ਜਗਿਆਸਾ ਨੂੰ ਸੰਤੁਸ਼ਟ ਕਰਨ ਵਿੱਚ।ਮੁਲਾਕਾਤ ਦੋ ਪ੍ਰਬੁੱਧ

ਵਿਅਕਤੀਆਂ ਦੇ ਵਿਚਾਰਧਾਰਕ ਆਦਾਨ ਪ੍ਰਦਾਨ ਦੀ ਵਿਧਾ ਨਹੀ ਸਗੋਂ ਜਗਿਆਸੂ ਵੱਲੋਂ ਪ੍ਰਬੁੱਧ ਜਾਣੂੰ ਤੋਂ ਗਿਆਨ ਹਾਸਿਲ ਕਰਨ ਦਾ ਨਿਮਰਤਾ ਭਰਪੂਰ ਢੰਗ ਹੈ। ਇਸ ਸਥਿਤੀ ਵਿੱਚ ਮੁਲਾਕਾਤ ਵਿਚਲੀਆਂ ਦੋਵੇਂ ਧਿਰਾਂ, ਪ੍ਰਸ਼ਨ ਕਰਤਾ ਅਤੇ ਉੱਤਰਦਾਤਾ, ਇੱਕ ਖਾਸ ਤਰ੍ਹਾਂ ਦੇ ਸ਼ਕਤੀ ਸੰਬੰਧਾਂ ਵਿੱਚ ਬੱਝ ਜਾਂਦੀਆਂ ਹਨ। ਪੰਜਾਬੀ ਸਾਹਿਤਕ ਮੁਲਾਕਾਤਾਂ ਦੇ ਪ੍ਰਸੰਗ ਵਿੱਚ ਇਨ੍ਹਾਂ ਸੰਬੰਧਾਂ ਦੇ ਦੋ ਪਾਸਾਰ ਉਭਰ ਕੇ ਸਾਹਮਣੇ ਆਉਂਦੇ ਹਨ। ਪਹਿਲੇ ਪਾਸਾਰ ਵਿੱਚ ਮੁਲਾਕਾਤ ਕਰਤਾ ਅਤੇ ਉੱਤਰਦਾਤਾ ਇੱਕੋ ਜਿੰਨੀ ਸ਼ਕਤੀ ਦੇ ਮਾਲਕ ਹੁੰਦੇ ਹਨ ਅਤੇ ਦੂਜੇ ਪਾਸਾਰ ਵਿੱਚ ਇੱਕ ਧਿਰ ਸ਼ਕਤੀਹੀਨ ਅਤੇ ਦੂਜੀ ਸ਼ਕਤੀਸ਼ਾਲੀ ਹੁੰਦੀ ਹੈ। ਇਹ ਸ਼ਕਤੀ ਸੰਬੰਧ ਹੀ ਅੰਤਿਮ ਰੂਪ ਵਿੱਚ ਇਸ ਵਿਧਾ ਦੀ ਵੱਥ ਦੇ ਨਿਰਧਾਰਕ ਬਣਦੇ ਹਨ। ਇਸ ਪ੍ਰਸੰਗ ਵਿੱਚ ਇੱਕ ਪਾਸੇ ਪੰਜਾਬ ਸਾਹਿਤ ਅਕਾਦਮੀ ਦੇ ਪ੍ਰੋਜੈਕਟ ਅਧੀਨ ਸਥਾਪਿਤ ਚਿੰਤਕਾਂ ਵੱਲੋਂ ਅਤੇ ਦੂਜੇ ਪਾਸੇ ਪੰਜਾਬੀ ਸਾਹਿਤਕ ਜਗਤ ਵਿੱਚ ਪ੍ਰਵੇਸ਼ ਪਾ ਰਹੇ ਜਗਿਆਸੂਆਂ ਵੱਲੋਂ ਕੀਤੀਆਂ ਮੁਲਾਕਾਤਾਂ ਹਨ। ਪੰਜਾਬ ਸਾਹਿਤ ਅਕਾਦਮੀ ਦੁਆਰਾ ਕਰਵਾਈਆਂ ਮੁਲਾਕਾਤਾਂ ਦੇ ਮੁਲਾਕਾਤ ਕਰਤਾ ਪ੍ਰਸਿੱਧ ਅਤੇ ਅਨੁਭਵੀ ਵਿਅਕਤੀ ਹੋਣ ਦੇ ਨਾਤੇ ਸ਼ਕਤੀਧਾਰੀ ਸਨ, ਇਸ ਕਾਰਨ ਉਨ੍ਹਾਂ ਦੁਆਰਾ ਕੀਤੀਆਂ ਮੁਲਾਕਾਤਾਂ ਉੱਤਰਦਾਤਾ ਲੇਖਕ ਦੀ ਮਹਿਜ਼ ਪ੍ਰਸ਼ੰਸਾ ਜਾਂ ਸ਼ਖ਼ਸੀਅਤ ਦੀ ਮਸ਼ਹੂਰੀ ਕਰਨ ਦੀ ਬਜਾਇ ਚਿੰਤਨ-ਚੇਤਨਾ ਦੇ ਸੂਖ਼ਮ ਸੁਆਲਾਂ ਨੂੰ ਮੁਖ਼ਾਤਬ ਹੁੰਦੀਆਂ ਹਨ। ਬਰਾਬਰੀ ਦੇ ਸ਼ਕਤੀ ਸੰਬੰਧਾਂ ਕਾਰਨ ਇਹ ਪ੍ਰਸ਼ਨ ਕਰਤਾ ਉੱਤਰਦਾਤਾ ਤੋਂ ਉਹ ਸੁਆਲ ਵੀ ਪੁੱਛ ਲੈਂਦੇ ਹਨ ਜਿਹੜੇ ਸਿਖਾਂਦਰੂ ਜਗਿਆਸੂਆਂ ਵੱਲੋਂ ਉਨ੍ਹਾਂ ਦੀ ਸਥਿਤੀ ਵਿਸ਼ੇਸ਼ ਕਾਰਨ ਪੁੱਛੇ ਜਾ ਸਕਣੇ ਸੰਭਵ ਨਹੀਂ ਹੋ ਪਾਉਂਦੇ।

ਜਦੋਂ ਮੁਲਾਕਾਤ ਕਰਤਾ ਸਾਹਿਤਕ ਜਗਤ ਦੀ ਸ਼ਕਤੀ ਦਾ ਧਾਰਨੀ ਨਹੀਂ ਸਗੋਂ ਇਛੁਕ ਹੁੰਦਾ ਹੈ ਤਾਂ ਮੁਲਾਕਾਤ ਦੀ ਇਹ ਵਿਧਾ ਕਿਸੇ ਹੋਰ ਦਿਸ਼ਾ ਵੱਲ ਸਫ਼ਰ ਕਰਦੀ ਹੈ। ਅਜਿਹੀ ਸਥਿਤੀ ਵਿੱਚ ਮੁਲਾਕਾਤ ਕਰਤਾ ਮੁਲਾਕਾਤ ਨੂੰ ਸ਼ਕਤੀ ਪ੍ਰਾਪਤੀ ਦੇ ਮਾਧਿਅਮ ਵਜੋਂ ਵਰਤਣ ਲੱਗਦਾ ਹੈ। ਉਸਦਾ ਉਦੇਸ਼ ਤਾਂ ਭਾਵੇਂ ਲੇਖਕ ਦੇ ਨਿੱਜੀ ਅਤੇ ਸਾਹਿਤਕ ਸਰੋਕਾਰਾਂ ਨੂੰ ਹੀ ਅਗਰਭੂਮਿਤ ਕਰਨਾ ਹੁੰਦਾ ਹੈ ਪਰ ਇਸ ਉਦੇਸ਼ ਦੇ ਪਿੱਛੇ ਉਸ ਦਾ ਇਕ ਲੁਕਵਾਂ ਏਜੰਡਾ ਆਪਣੀ ਸਥਾਪਤੀ ਦਾ ਵੀ ਹੁੰਦਾ ਹੈ। ਇਸ ਦਾ ਨਤੀਜਾ ਮੁਲਾਕਾਤ ਦੀ ਸੁਰ ਦੇ ਆਲੋਚਨਾਤਮਕ ਹੋਣ ਦੀ ਬਜਾਇ ਪ੍ਰਸ਼ੰਸਾਤਮਕ ਬਣ ਜਾਣ ਵਿੱਚ ਨਿਕਲਦਾ ਹੈ।

ਅਸਲ ਵਿੱਚ ਮੁਲਾਕਾਤ ਕਰਤਾ ਮੁਲਾਕਾਤ ਦੀ ਵਿਧਾ ਦੀ ਉਹ ਮਹੱਤਵਪੂਰਨ ਧਿਰ ਹੈ ਜਿਹੜੀ ਲੇਖਕ ਵੱਲੋਂ ਦਿੱਤੀ ਜਾਣ ਵਾਲੀ ਜਾਣਕਾਰੀ ਨੂੰ ਦਿਸ਼ਾ ਬੱਧ ਅਤੇ ਨਿਸ਼ਚਿਤ ਕਰਦੀ ਹੈ। ਸਮੁੱਚੀ ਮੁਲਾਕਾਤ ਦਾ ਵਜੂਦ ਹੀ ਮੁਲਾਕਾਤੀ ਦੁਆਰਾ ਪੁੱਛੇ ਜਾਣ ਵਾਲੇ ਸੁਆਲਾਂ ਅਨੁਸਾਰ ਤੈਅ ਹੁੰਦਾ ਹੈ। ਲੇਖਕ ਵਿਸ਼ੇਸ਼ ਦਾ ਕਿਹੜਾ ਰੂਪ ਪਾਠਕ ਸਾਹਮਣੇ ਆਵੇਗਾ, ਇਹ ਸੁਆਲ ਕਰਤਾ ਦੇ ਸੁਆਲਾਂ ਦੀ ਪ੍ਰਕ੍ਰਿਤੀ/ਪੱਧਰ ਅਤੇ ਮੁਲਾਕਾਤ ਕਰਨ ਪਿੱਛੇ ਕਾਰਜਸ਼ੀਲ ਉਦੇਸ਼ ਅਨੁਸਾਰ ਤੈਅ ਹੁੰਦਾ ਹੈ। ਮੁਲਾਕਾਤ ਕਰਤਾ ਅਤੇ ਉੱਤਰਦਾਤਾ ਲੇਖਕ ਦੇ ਆਪਸੀ ਸੰਬੰਧ ਵੀ ਇਸੇ ਅਨੁਸਾਰ ਨਿਰਧਾਰਤ ਹੁੰਦੇ ਹਨ। John Rodden ਮੁਲਾਕਾਤ ਕਰਤਾ ਦੀ ਭੂਮਿਕਾ ਦੀ ਚਰਚਾ ਕਰਦਾ ਲਿਖਦਾ ਹੈ :

> My own view is that, whatever the individual reader's perception of the interviewer, the very fact that the interviewer is also a "subject" – and also a performer – should not be forgotten or

> underestimated. The interviewer is frequently a shadowy presence in the interview – and many readers prefer it that way. But even if the interviewer is near invisible, he or she plays a subtle yet vital role as producer and co-director of the performing interviewee's life.[1]

ਹਰ ਲੇਖਕ ਉੱਤਰਦਾਤੇ ਦੇ ਰੂਪ ਵਿੱਚ ਇਹ ਚਾਹਤ ਕਰਦਾ ਹੈ ਕਿ ਮੁਲਾਕਾਤ ਉਸ ਦੀ ਵਡਿਆਈ ਸਾਬਤ ਹੋਵੇ, ਇਸ ਮੰਤਵ ਦੀ ਪੂਰਤੀ ਵਿੱਚ ਜਿਹੜਾ ਸੁਆਲ ਕਰਤਾ ਸਹਾਇਕ/ਪੂਰਕ ਦੀ ਭੂਮਿਕਾ ਅਦਾ ਕਰਦਾ ਹੈ, ਉਸਦੇ ਸੰਬੰਧ ਉੱਤਰਦਾਤਾ ਲੇਖਕ ਨਾਲ ਨਿਰਸੰਦੇਹ ਸੁਖਾਵੇਂ ਬਣਦੇ ਹਨ। ਅਜਿਹਾ ਮੁਲਾਕਾਤ ਕਰਤਾ ਆਪਣੇ ਹਰ ਸੁਆਲ ਵਿੱਚ ਉੱਤਰਦਾਤਾ ਲੇਖਕ ਪ੍ਰਤਿ ਤਾਰੀਫ਼ੀ ਸ਼ਬਦ ਫਿੱਟ ਕਰਦਾ ਹੈ ਜਾਂ ਸੁਆਲਾਂ ਨੂੰ ਹੀ ਤਾਰੀਫ਼ੀ ਸੁਰ ਦੇ ਦਿੰਦਾ ਹੈ। ਉੱਤਰਦਾਤਾ ਲੇਖਕ ਉਸਦੇ ਪ੍ਰਸ਼ਨਾਂ ਨੂੰ ਹੁੰਗਾਰਾ ਦਿੰਦਾ, ਪ੍ਰਸ਼ਨਾਂ ਦੀ ਧੁਨੀ ਨੂੰ ਆਪਣੇ ਉੱਤਰ ਦੀ ਧੁਨੀ ਬਣਾ ਲੈਂਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਮੁਲਾਕਾਤ ਚਿੰਤਨੀ ਸੰਵਾਦ ਦੀ ਥਾਂ ਕਸੀਦਾ ਬਣ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਲੇਖਕ ਦੇ ਅੰਦਰ ਦੀਆਂ ਉਨ੍ਹਾਂ ਦੁਬਿਧਾਵਾਂ ਅਤੇ ਸੰਕਟਾਂ ਦੀ ਪਛਾਣ ਨਹੀਂ ਹੋ ਪਾਉਂਦੀ ਜਿਹੜੇ ਕਿ ਉੱਤਰਦਾਤਾ ਲੇਖਕ ਦੇ ਸਵੈ ਅਤੇ ਉਸਦੀ ਲਿਖਤ ਦਾ ਅਸਲ ਆਧਾਰ ਅਤੇ ਮੁਲਾਕਾਤ ਦੀ ਵਿਧਾ ਦਾ ਅਸਲ ਮਸਲਾ ਹਨ। ਡਾ. ਗੁਰਬਚਨ ਜਗਤਾਰ ਦੀ ਇੱਕ ਮੁਲਾਕਾਤ ਦੇ ਪ੍ਰਸੰਗ ਵਿੱਚ ਮੁਲਾਕਾਤ ਕਰਤਾ ਦੀ ਭੂਮਿਕਾ ਬਾਬਤ ਟਿੱਪਣੀ ਕਰਦਾ ਲਿਖਦਾ ਹੈ :

> ਇਸ ਭੇਂਟ ਵਾਰਤਾ ਵਿੱਚ ਜਗਤਾਰ ਬਾਰੇ ਇੱਕ ਖਾਸ ਗੱਲ ਪ੍ਰਗਟ ਹੁੰਦੀ ਹੈ ਜਿਹਦਾ ਜ਼ਿਕਰ ਕਰਨਾ ਜ਼ਰੂਰੀ ਹੈ। ਤਰਸੇਮ ਨੂੰ ਦਿੱਤੇ ਜੁਆਬਾਂ ਤੋਂ ਪਤਾ ਚਲਦਾ ਹੈ ਕਿ ਉਹ ਚੋਖਾ self possessed ਮਨੁੱਖ ਹੈ ਤੇ ਆਤਮ ਬਿੰਬ ਦੇ ਬੋਝ ਹੇਠ ਰਹਿੰਦਾ ਹੈ। ਤਰਸੇਮ ਦੇ ਸੁਆਲ ਹੀ ਏਦਾਂ ਦੇ ਹੁੰਦੇ ਹਨ। ਉਹ ਸੁਆਲਾਂ ਦੀ ਸ਼ਕਲ ਵਿੱਚ ਦੂਜੇ ਦੀ ਤੂਤਨੀ ਵਜਾਂਦਾ ਹੈ ਤੇ ਕਵੀ ਤੁਰੰਤ ਟ੍ਰੈਪ 'ਚ ਜਾ ਡਿੱਗਦਾ ਹੈ। ਕੁਝ ਦੇਰ ਪਹਿਲਾਂ ਮੋਹਨਜੀਤ ਤੇ ਸੁਤਿੰਦਰ ਸਿੰਘ ਨੂਰ ਨਾਲ ਭੇਂਟ ਵਾਰਤਾ ਵੇਲੇ ਵੀ ਤਰਸੇਮ ਨੇ ਇਸ ਜੁਗਤ ਦੀ ਵਰਤੋਂ ਕੀਤੀ। ਕਿਸੇ ਪ੍ਰਤਿਭਾਸ਼ਾਲੀ ਲੇਖਕ ਨਾਲ ਗੱਲਬਾਤ ਕਰਨ ਦੀ ਇਹ ਸ਼ੈਲੀ ਖ਼ੁਸ਼ਾਮਦੀ ਤਾਂ ਹੈ ਹੀ, ਅਬੌਧਿਕ ਤੇ ਪੂਰਵ-ਆਧੁਨਿਕ ਵੀ ਹੈ।[2]

ਪਰ ਇਸ ਚਰਚਾ ਤੋਂ ਇਹ ਨਿਰਣਾ ਕੱਢਣਾ ਜਾਇਜ਼ ਨਹੀਂ ਕਿ ਇਨ੍ਹਾਂ ਸ਼ਕਤੀ ਸੰਬੰਧਾਂ ਤੋਂ ਉੱਪਰ ਉੱਠ ਕੇ ਮੁਲਾਕਾਤ ਨਹੀਂ ਹੋ ਸਕਦੀ, ਨਿਰਸੰਦੇਹ ਹੋ ਸਕਦੀ ਹੈ ਪਰ ਇਸ ਦੇ ਵਾਪਰਨ ਦੀਆਂ ਸੰਭਾਵਨਾਵਾਂ ਸੀਮਤ ਹਨ। ਪੰਜਾਬੀ ਮੁਲਾਕਾਤਾਂ

[1] John Rodden, *Performing the Literary Interview*, University of Nebraska Press, Lincoln and London, 2001, p-19.
[2] ਸਮਕਾਲੀ ਸਾਹਿਤ, ਜੁਲਾਈ-ਸਤੰਬਰ-2007, ਪੰਨਾ-154

ਦੇ ਪ੍ਰਸੰਗ ਵਿੱਚ ਤਾਂ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਿੱਥੇ ਕੋਈ ਮੁਲਾਕਾਤ ਕਿਸੇ ਪ੍ਰੋਜੈਕਟ ਜਾਂ ਕਿਸੇ ਮੈਗਜ਼ੀਨ ਦੀ ਵਿਸ਼ੇਸ਼ ਲੋੜ ਅਧੀਨ ਨਹੀਂ ਕਰਵਾਈ ਗਈ ਉੱਥੇ ਇਸ ਦੀ ਹੋਂਦ ਦਾ ਆਧਾਰ ਸ਼ਕਤੀ ਸੰਬੰਧਾਂ ਵਿਚਲੀ ਉਪਰੋਕਤ ਸਮੀਕਰਨ ਹੀ ਹੈ। ਇੱਕ ਰੌਚਿਕ ਤੱਥ ਇਸ ਪ੍ਰਸੰਗ ਵਿੱਚ ਇਹ ਹੈ ਕਿ ਜਦੋਂ ਪੰਜਾਬ ਸਾਹਿਤ ਅਕਾਦਮੀ ਨੇ ਮੁਲਾਕਾਤਾਂ ਦਾ ਪ੍ਰੋਜੈਕਟ ਉਲੀਕਿਆ ਤਾਂ ਇਸ ਵਿੱਚ ਸਥਾਪਿਤ ਲੇਖਕਾਂ ਨੇ ਮੁਲਾਕਾਤ ਕਰਤਿਆਂ ਦੀ ਭੂਮਿਕਾ ਨਿਭਾਈ, ਪਰ ਇਸ ਪ੍ਰੋਜੈਕਟ ਦੇ ਖਾਤਮੇ ਤੋਂ ਬਾਅਦ ਇਹ ਲੇਖਕ ਮੁੜ ਮੁਲਾਕਾਤ ਕਰਤਿਆਂ ਦੀ ਭੂਮਿਕਾ ਵਿੱਚ ਕਦੇ ਨਜ਼ਰ ਨਹੀਂ ਆਏ। ਦੂਜੇ ਸ਼ਬਦਾਂ ਵਿੱਚ ਸਾਹਿਤਕ ਜਗਤ ਵਿਚਲੀ ਸ਼ਕਤੀ ਦੀ ਦਰਜੇਬੰਦੀ ਵਿੱਚ ਵੱਧ ਸ਼ਕਤੀ ਦਾ ਮਾਲਕ ਲੇਖਕ ਘੱਟ ਸ਼ਕਤੀ ਵਾਲੇ ਲੇਖਕ ਨੂੰ ਇੰਟਰਵਿਊ ਘੱਟ ਹੀ ਕਰਦਾ ਹੈ।

ਸਾਹਿਤਕ ਮੁਲਾਕਾਤਾਂ ਵਿੱਚ ਸੁਆਲ ਕਰਤਾ ਇੱਕ ਤੋਂ ਵੱਧ ਢੰਗਾਂ ਨਾਲ ਲੇਖਕ ਨੂੰ ਇੰਟਰਵਿਊ ਕਰਦਾ ਹੈ। ਆਹਮੋ ਸਾਹਮਣੇ ਬੈਠ ਕੇ ਮੁਲਾਕਾਤ ਕਰਨ ਦੇ ਢੰਗ ਨੂੰ ਸਾਹਿਤਕ ਮੁਲਾਕਾਤ ਦੀ ਵਿਧਾ ਦਾ ਆਦਰਸ਼ਕ ਢੰਗ ਮੰਨਿਆ ਗਿਆ ਹੈ। ਇਸ ਢੰਗ ਨਾਲ ਕੀਤੀ ਮੁਲਾਕਾਤ ਵਿੱਚ ਸੁਆਲਾਂ ਤੇ ਜੁਆਬਾਂ ਦੀ ਪ੍ਰਕਿਰਿਆ ਇਕ ਸੰਵਾਦ ਦੇ ਰੂਪ ਵਿੱਚ ਨਿਰੰਤਰ ਅੱਗੇ ਵਧਦੀ ਹੈ। ਮੁਲਾਕਾਤ ਕਰਤਾ ਦੁਆਰਾ ਪੁੱਛੇ ਸਵਾਲ ਦਾ ਲੇਖਕ ਉੱਤਰਦਾਤਾ ਵੱਲੋਂ ਦਿੱਤਾ ਜਵਾਬ ਕਈ ਵਾਰ ਹੋਰ ਸਵਾਲਾਂ ਦਾ ਜਨਮਦਾਤਾ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਸਵਾਲ ਕਰਤਾ ਦੀ ਮੁਲਾਕਾਤ ਨੂੰ ਲਗਾਤਾਰਤਾ ਵਿੱਚ ਅੱਗੇ ਵਧਾਉਣ ਹਿੱਤ ਜੀਵੰਤ ਹਾਜ਼ਰੀ ਲਾਜ਼ਮੀ ਹੁੰਦੀ ਹੈ। ਮੁਲਾਕਾਤ ਕਰਤਾ ਉੱਤਰਦਾਤਾ ਦੇ ਜਵਾਬਾਂ ਵਿੱਚੋਂ ਪੈਦਾ ਹੁੰਦੇ ਸਵਾਲਾਂ ਨੂੰ ਸੰਬੋਧਿਤ ਹੁੰਦਾ ਮੁਲਾਕਾਤ ਨੂੰ ਇਕ ਚਿੰਤਨੀ ਦਿਸ਼ਾ ਪ੍ਰਦਾਨ ਕਰਦਾ ਹੈ। ਚਿੱਠੀ-ਪੱਤਰ ਰਾਹੀਂ ਜਾਂ ਸਵਾਲ ਲਿਖ ਕੇ ਕੀਤੀ ਮੁਲਾਕਾਤ ਵਿੱਚ ਸਵਾਲ ਕਰਤਾ ਦੀ ਮੌਕੇ 'ਤੇ ਗ਼ੈਰਹਾਜ਼ਰੀ ਮੁਲਾਕਾਤ ਵਿਚਲੇ ਅਨੇਕਾਂ ਖੱਪਿਆਂ ਨੂੰ ਜਨਮ ਦਿੰਦੀ ਹੈ। ਉਂਝ ਇਨ੍ਹਾਂ ਖੱਪਿਆਂ ਨੂੰ ਦੁਬਾਰਾ ਸਵਾਲ ਭੇਜ ਕੇ ਪੂਰਿਆ ਜਾ ਸਕਦਾ ਹੈ ਪਰ ਅਜਿਹੀ ਸਥਿਤੀ ਵਿੱਚ ਵੀ ਉਹ ਜੀਵੰਤ ਸੰਦਰਭ ਗ਼ੈਰਹਾਜ਼ਰ ਹੋ ਜਾਂਦਾ ਹੈ ਜਿਸ ਦੇ ਪ੍ਰਸੰਗ ਵਿੱਚ ਉਸ ਸਵਾਲ ਵਿਸੇਸ਼ ਨੇ ਆਪਣਾ ਰੂਪ ਧਾਰਨ ਕੀਤਾ ਸੀ। ਦੂਸਰੀ ਗੱਲ ਇਹ ਹੈ ਕਿ ਸਵਾਲ ਭੇਜ ਕੇ ਕੀਤੀ ਇੰਟਰਵਿਊ ਇਸ ਨੂੰ ਮੌਖਿਕਤਾ ਨਾਲੋਂ ਤੋੜ ਦਿੰਦੀ ਹੈ। ਲਿਖਤ ਅਤੇ ਬੋਲ ਦਾ ਜਿਹੜਾ ਫਰਕ ਮੁਲਾਕਾਤ ਦੀ ਵਿਧਾ ਦਾ ਵਿਸ਼ੇਸ਼ ਲੱਛਣ ਹੈ, ਉਹ ਅਜਿਹਾ ਕਰਨ ਨਾਲ ਖਤਮ ਹੋ ਜਾਂਦਾ ਹੈ। ਬੋਲ ਨੂੰ ਲਿਖਤ ਦੇ ਮੁਕਾਬਲਤਨ ਇਸ ਵਿਧਾ ਦੇ ਪ੍ਰਸੰਗ ਵਿੱਚ ਇਸ ਕਰਕੇ ਕੇਂਦਰੀ ਸਥਾਨ ਪ੍ਰਾਪਤ ਹੈ ਕਿ ਬੋਲ ਲਿਖਤ ਦੇ ਮੁਕਾਬਲੇ ਜ਼ਿਆਦਾ ਸੱਚਾ ਅਤੇ ਜ਼ਿਆਦਾ ਸਹਿਜ ਹੁੰਦਾ ਹੈ। ਕਿਉਂਕਿ ਬੋਲ ਲਿਖਤ ਵਾਂਗ ਤਰਤੀਬਬੱਧ ਨਹੀਂ ਹੁੰਦਾ ਤਾਂ ਇਸ ਸਥਿਤੀ ਵਿੱਚ ਮੁਲਾਕਾਤ ਵਿੱਚ ਸਵਾਲ ਕਰਤਾ ਅਤੇ ਉੱਤਰਦਾਤਾ ਦੋਵਾਂ ਦੇ ਉਚਾਰ ਵਿੱਚ ਦੁਹਰਾਅ ਅਤੇ ਵਿਚਾਰ ਦੇ ਇਕਸਾਰ ਪੇਸ਼ ਨਾ ਹੋਣ ਦੀਆਂ ਉਕਾਈਆਂ ਅਕਸਰ ਆ ਜਾਂਦੀਆਂ ਹਨ। ਅਜਿਹੀ ਸਥਿਤੀ ਵਿੱਚ ਮੁਲਾਕਾਤ ਕਰਤਾ ਇੱਕ ਸੰਪਾਦਿਕ ਦੇ ਰੂਪ ਵਿੱਚ ਕਲਾਤਮਕ ਦ੍ਰਿਸ਼ਟੀ ਤੋਂ ਮੁਲਾਕਾਤ ਨੂੰ ਪਰਿਪੂਰਨ ਬਣਾਉਣ ਲਈ ਇਸ ਦੀ ਕਾਂਟ-ਛਾਂਟ ਕਰਦਾ ਹੈ। ਸੰਪੂਰਨਤਾ ਦੇ ਅੰਤਿਮ ਪੜਾਅ ਤੇ ਮੁਲਾਕਾਤ ਨੂੰ ਇਸ ਦੇ ਉੱਤਰਦਾਤਾ ਲੇਖਕ ਦੀ ਨਜ਼ਰਸਾਨੀ ਲਈ ਸੌਂਪਿਆ ਜਾਂਦਾ ਹੈ ਤਾਂ ਕਿ ਉਹ ਆਪਣੇ ਦੁਆਰਾ ਦਿੱਤੇ ਜਵਾਬਾਂ ਨੂੰ ਇੱਕ ਵਾਰ ਫਿਰ ਤੋਂ ਨਿਰਖ-ਪਰਖ ਸਕੇ।

ਮੁਲਾਕਾਤ ਦਾ ਸੰਯੋਜਕ/ਸਿਰਜਕ ਹੋਣ ਨਾਤੇ ਮੁਲਾਕਾਤ ਕਰਤਾ ਕਈ ਵਾਰ ਇਹ ਧਾਰਨਾ ਬਣਾ ਲੈਂਦਾ ਹੈ ਕਿ, ਕਿਉਂਕਿ ਮੁਲਾਕਾਤ ਸੱਚ ਦਾ ਇੱਕ ਰੂਪ ਹੈ ਤਾਂ ਇਸ ਸਥਿਤੀ ਵਿੱਚ ਇਸ ਦਾ ਸੰਪਾਦਨ, ਲੇਖਕ ਦੇ ਸੱਚ ਨਾਲ ਛੇੜਖਾਨੀ

ਹੋਵੇਗੀ। ਇਸੇ ਸੱਚ ਵਾਲੇ ਪ੍ਰਭਾਵ ਅਧੀਨ ਉਹ ਲੇਖਕ ਪਾਸੋਂ ਵੀ ਏਹੀ ਆਸ ਕਰਦਾ ਹੈ ਕਿ ਉਹ ਆਪਣੇ ਕਹੇ ਸ਼ਬਦਾਂ ਨਾਲ ਮੁੜ ਛੇੜਖਾਨੀ ਨਾ ਕਰੇ। ਅਜਿਹੀ ਸਥਿਤੀ ਵਿੱਚ ਬਿਨ੍ਹਾਂ ਸੰਪਾਦਨ ਕੀਤੇ ਛਪੀਆਂ ਮੁਲਾਕਾਤਾਂ ਵਿੱਚੋਂ ਸੱਚ ਦਾ ਝਾਉਲਾ ਤਾਂ ਭਾਵੇਂ ਥੋੜਾ ਜ਼ਿਆਦਾ ਪੈ ਜਾਵੇ ਪਰ ਕਲਾ ਦੇ ਪੱਖੋਂ ਅਜਿਹੀਆਂ ਮੁਲਾਕਾਤਾਂ ਬਹੁਤ ਕਮਜ਼ੋਰ ਰਚਨਾਵਾਂ ਹੁੰਦੀਆਂ ਹਨ।

ਸਾਹਿਤਕ ਮੁਲਾਕਾਤਾਂ ਦੀ ਵਿਧਾ ਦੀ ਚਰਚਾ ਦੇ ਪ੍ਰਸੰਗ ਵਿੱਚ ਉੱਤਰਦਾਤਾ ਦੀ ਭੂਮਿਕਾ ਦਾ ਪ੍ਰਸ਼ਨ ਕੇਂਦਰੀ ਹਸਤੀ ਰੱਖਦਾ ਹੈ। ਉੱਤਰਦਾਤਾ ਕੋਈ ਲੇਖਕ ਵਿਸ਼ੇਸ਼ ਹੁੰਦਾ ਹੈ ਜਿਸ ਦੀ ਲਿਖਤ ਸੰਬੰਧਿਤ ਸਾਹਿਤਕ ਚੌਗਿਰਦੇ ਵਿੱਚ ਆਪਣੀ ਪੈਂਠ ਪਹਿਲਾਂ ਹੀ ਜਮਾ ਚੁੱਕੀ ਹੁੰਦੀ ਹੈ। ਉਸ ਦੀ ਰਚਨਾ ਦਾ ਇਹ ਆਭਾ ਮੰਡਲ ਉਸ ਦੀ ਸਖਸ਼ੀਅਤ ਵੱਲ ਆਕਰਸ਼ਨ ਪੈਦਾ ਕਰਦਾ ਹੈ। ਇਹ ਆਕਰਸ਼ਨ ਹੀ ਉਸ ਨਾਲ ਮੁਲਾਕਾਤ ਕਰਨ ਦਾ ਮੂਲ ਪ੍ਰੇਰਕ ਹੁੰਦਾ ਹੈ। ਜਿੱਥੇ ਹੁਣ ਤੱਕ ਉਸ ਦੀ ਰਚਨਾ ਕੇਂਦਰ ਵਿੱਚ ਸੀ ਉੱਥੇ ਹੁਣ ਮੁਲਾਕਾਤ ਦੀ ਵਿਧਾ ਅਧੀਨ ਉਸ ਦਾ ਦੇਹਧਾਰੀ ਵਜੂਦ ਖੁਦ ਆਪ ਕੇਂਦਰ ਵਿੱਚ ਆ ਜਾਂਦਾ ਹੈ। ਮੁਲਾਕਾਤ ਰੂਪੀ ਸਾਹਿਤਕ ਪਾਠ ਦਾ ਉਹ ਆਪ ਹੀਰੋ ਬਣ ਜਾਂਦਾ ਹੈ। ਇਹ ਗੱਲ ਉਸ ਦੀ ਸ਼ਕਤੀ ਨੂੰ ਵਿਸਥਾਰ ਦਿੰਦੀ ਹੈ। ਅਸਲ ਵਿੱਚ ਤਾਂ ਕਿਸੇ ਲੇਖਕ ਦਾ ਮੁਲਾਕਾਤ ਵਿਚ ਬਤੌਰ ਉੱਤਰਦਾਤਾ ਹਾਜ਼ਿਰ ਹੋਣਾ ਹੀ ਆਪਣੇ ਆਪ ਵਿੱਚ ਸ਼ਕਤੀ ਦਾ ਸੂਚਕ ਹੈ।

ਹੁਣ ਪ੍ਰਸ਼ਨ ਇਹ ਪੈਦਾ ਹੰਦਾ ਹੈ ਕਿ ਉੱਤਰਦਾਤਾ ਲੇਖਕ ਨੇ ਆਪਣੇ ਆਪੇ ਦਾ ਕਿਹੜਾ ਸਰੂਪ ਉਸ ਪਾਠਕ ਸਮੂਹ ਅੱਗੇ ਪੇਸ਼ ਕਰਨਾ ਹੈ ਜਿਹੜਾ ਉਸ ਵੱਲ ਟਿਕਟਿਕੀ ਲਾਈ ਦੇਖ ਰਿਹਾ ਹੈ। ਮੁਲਾਕਾਤ, ਉੱਤਰਦਾਤਾ ਲੇਖਕ ਦੀ ਇਕ ਪੇਸ਼ਕਾਰੀ ਹੁੰਦੀ ਹੈ ਜਿਸ ਨੂੰ ਉਹ ਅਨੇਕਾਂ ਜੁਗਤਾਂ ਰਾਹੀਂ ਸਫ਼ਲਤਾ ਪੂਰਵਕ ਨੇਪਰੇ ਚਾੜਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਪੇਸ਼ਕਾਰੀ ਦੇ ਅਮਲ ਕਾਰਨ ਹੀ ਮੁਲਾਕਾਤ ਦੀ ਇਹ ਵਿਧਾ ਕਲਾ ਦੇ ਘੇਰੇ ਦੀ ਵਸਤੂ ਬਣ ਜਾਂਦੀ ਹੈ। ਅਜਿਹੀ ਸਥਿਤੀ ਵਿੱਚ ਇਸ ਦਾ ਲੇਖਕ ਦੇ ਜੀਵਨ ਅਤੇ ਉਸਦੇ ਭਾਵਾਂ ਬਾਬਤ ਸੱਚੋ ਸੱਚ ਜਾਣਕਾਰੀ ਦਾ ਸੰਕਲਪ ਵੀ ਬਹਿਸ ਦਾ ਮੁੱਦਾ ਬਣ ਜਾਂਦਾ ਹੈ। ਆਮ ਤੌਰ ’ਤੇ ਮੁਲਾਕਾਤ ਦੀ ਵਿਧਾ ਨੂੰ ਯਥਾਰਥਕ ਪੇਸ਼ਕਾਰੀ ਦੇ ਮਾਧਿਅਮ ਦੇ ਰੂਪ ਵਿੱਚ ਪੜ੍ਹਿਆ ਜਾਂਦਾ ਹੈ। ਪਾਠਕ ਇਸ ਯਕੀਨ ਨਾਲ ਕਿਸੇ ਲੇਖਕ ਵਿਸ਼ੇਸ਼ ਦੀ ਇੰਟਰਵਿਊ ਪੜ੍ਹਦਾ ਹੈ ਕਿ ਇਸ ਵਿੱਚ ਲੇਖਕ ਨੇ ਆਪਣੇ ਬਾਰੇ ਅਤੇ ਆਪਣੀ ਲਿਖਤ ਬਾਰੇ ਸੱਚੋ ਸੱਚ ਦੱਸਿਆ ਹੈ। ਇਹ ਇਸ ਰੂਪਾਕਾਰ ਦੀ ਰੂਪਾਕਾਰਕ ਵਿਲੱਖਣਤਾ ਸੰਬੰਧੀ ਖਾਇਆ ਜਾਣ ਵਾਲਾ ਸਭ ਤੋਂ ਆਮ ਅਤੇ ਸਭ ਤੋਂ ਵੱਡਾ ਟਪਲਾ ਹੈ। ਕਿਉਂਕਿ ਇਕ ਬੰਦੇ ਅੰਦਰ ਕਈ ਬੰਦੇ ਹੁੰਦੇ ਹਨ ਤਾਂ ਉੱਤਰਦਾਤੇ ਦੇ ਰੂਪ ਵਿੱਚ ਲੇਖਕ ਇਨ੍ਹਾਂ ‘ਆਪਣੇ’ ਕਈ ਬੰਦਿਆਂ ਵਿੱਚੋਂ ਵਿਭਿੰਨ ਜੁਗਤਾਂ ਰਾਹੀਂ ਕਿਸੇ ਇੱਕ ਨਵ-ਸਿਰਜਤ ਬੰਦੇ ਨੂੰ ਪਬਲਿਕ ਦੇ ਸਾਹਮਣੇ ਪੇਸ਼ ਕਰਦਾ ਹੈ। ਇਹ ਬੰਦਾ ਲੇਖਕ ਦੀ ਹੋਂਦ ਦਾ ਸੋਚ ਕੇ ਪੇਸ਼ ਕੀਤਾ ਰੂਪ ਹੰਦਾ ਹੈ, ਲੇਖਕ/ਬੰਦੇ ਦੀ ਸ਼ਖ਼ਸੀਅਤ ਦੇ ਹੋਰ ਅਨੇਕਾਂ ਮਰਹਲੇ ਇਸ ਦੀ ਪਕੜ ਤੋਂ ਬਾਹਰ ਰਹਿ ਜਾਂਦੇ ਹਨ। ਅਮਰੀਕਾ ਦੀ ਪ੍ਰਸਿੱਧ ਲੇਖਕਾ Isabel Allende ਆਖਦੀ ਹੈ:

> If you ask me to tell you my life, I will try, and it will probably be a bag of lies because I am inventing myself all the time, and I am inventing fiction, and through this fiction, I am revealing myself.[3]

ਮੁਲਾਕਾਤਾਂ ਰਾਹੀਂ ਉੱਤਰਦਾਤਾ ਆਪਣੇ ਨਿੱਜੀ ਜੀਵਨ ਵਿੱਚੋਂ ਚੁਣੀਆਂ ਘਟਨਾਵਾਂ ਰਾਹੀਂ ਆਪਣੀ ਵਿਸ਼ੇਸ਼ ਤਰ੍ਹਾਂ ਦੀ ਸ਼ਖਸੀਅਤ ਨੂੰ ਦੂਸਰਿਆਂ ਸਾਹਮਣੇ ਪੇਸ਼ ਕਰਦਾ ਹੈ, ਇਸ ਕਾਰਨ ਇਹ ਵਿਧਾ ਲੇਖਕ ਦੇ ਨਿੱਜ ਬਾਰੇ ਜਾਣਕਾਰੀ ਦੇਣ ਦੀ ਥਾਂ ਉਸ ਦੇ ਚਰਿੱਤਰ ਦੀ ਉਸਾਰੀ ਵੱਲ ਰੁਚਿਤ ਹੋ ਜਾਂਦੀ ਹੈ। ਇਸ ਤਰ੍ਹਾਂ ਮੁਲਾਕਾਤ ਦੀ ਵਿਧਾ ਦਾ ਯਥਾਰਥ ਨਾਲ ਰਿਸ਼ਤਾ ਸਿੱਧਾ ਤੇ ਇਕਹਿਰਾ ਹੋਣ ਦੀ ਬਜਾਇ ਕਲਾਤਮਕ ਟੇਢਾਂ ਅਤੇ ਸੁਹਜਾਤਮਕ ਗੁਣਾਂ ਵਾਲਾ ਬਣ ਜਾਂਦਾ ਹੈ। ਇਸ ਵਿਧਾ ਵਿਚਲੀ ਵੱਥ ਬਾਕੀ ਸਾਹਿਤ ਵਿਧਾਵਾਂ ਦੀ ਤੁਲਨਾ ਵਿਚ ਸੱਚ ਹੋਣ ਦਾ ਅਹਿਸਾਸ ਤਾਂ ਵਧੇਰੇ ਦਿੰਦੀ ਹੈ ਪਰ ਅਸਲ ਵਿੱਚ ਉਹ ਸੱਚ ਹੁੰਦੀ ਨਹੀਂ। ਇਸ ਵਿਧਾ ਦੀ ਇਹ ਵਿਧਾਗਤ ਖਾਸੀਅਤ ਹੈ ਕਿ ਇਹ ਪੂਰਨ ਸੱਚ ਨਾ ਹੁੰਦੀ ਹੋਈ ਵੀ ਸੱਚੀ ਪ੍ਰਤੀਤ ਹੰਦੀ ਹੈ। ਅਜਿਹਾ ਹੋਣ ਦਾ ਇਕ ਕਾਰਨ ਇਹ ਵੀ ਕਿ ਲੇਖਕ ਆਪਣੇ ਬਾਰੇ ਅਤੇ ਆਪਣੀ ਲਿਖਤ ਬਾਰੇ ਆਪ ਗੱਲਾਂ ਦੱਸਦਾ ਹੈ, ਅਜਿਹੀ ਸਥਿਤੀ ਵਿੱਚ ਉਸਦੀ ਆਵਾਜ਼ ਦੀ ਪ੍ਰਮਾਣਿਕਤਾ ਵਧੇਰੇ ਵਾਜਿਬ ਲੱਗਦੀ ਹੈ। ਲੇਖਕ ਬਾਰੇ ਜਾਨਣ ਦਾ ਉਸਦੀ ਆਪਣੀ ਆਵਾਜ਼ ਤੋਂ ਬਿਨ੍ਹਾਂ ਹੋਰ ਕੋਈ ਵੀ ਢੰਗ ਦੂਜੇ ਰਾਹੀਂ ਸਿਰਜਤ ਹੋਣ ਕਾਰਨ ਪ੍ਰਮਾਣਿਕਤਾ ਦਾ ਧਾਰਨੀ ਨਹੀਂ ਬਣ ਪਾਉਂਦਾ।

ਮੁਲਾਕਾਤਾਂ ਵਿੱਚ ਉੱਤਰਦਾਤਾ ਮੁੱਖ ਰੂਪ ਵਿੱਚ ਤਿੰਨ ਕਿਸਮਾਂ ਦਾ ਨਜ਼ਰ ਆਉਂਦਾ ਹੈ। ਪਹਿਲੀ ਕਿਸਮ ਵਿੱਚ ਉਹ ਉੱਤਰਦਾਤਾ ਲੇਖਕ ਸ਼ਾਮਿਲ ਹਨ ਜਿਹੜੇ ਆਪਣੇ ਕੰਮ ਨਾਲੋਂ ਆਪਣੇ ਵਿਅਕਤਿਤਵ ਦੀ ਚਰਚਾ ਨੂੰ ਵਧੇਰੇ ਤਰਜੀਹ ਦਿੰਦੇ ਹਨ। ਇਨ੍ਹਾਂ ਦੀ ਖਾਸੀਅਤ ਇਹ ਹੁੰਦੀ ਹੈ ਕਿ ਇਹ ਕਹਾਣੀਆਂ ਕਹਿਣ ਵਿੱਚ ਮਾਹਿਰ ਹੁੰਦੇ ਹਨ ਅਤੇ ਜੀਵਨ ਦੀ ਹਰ ਛੋਟੀ ਵੱਡੀ ਘਟਨਾ ਨੂੰ ਇਹ ਵਿਭਿੰਨ ਕਹਾਣੀਆਂ ਦੇ ਹਵਾਲੇ ਨਾਲ ਉਸਾਰਦੇ ਹਨ। ਇਹ ਆਪਣੀ ਲਿਖਤ ਬਾਬਤ ਪੁੱਛੇ ਸੁਆਲਾਂ ਦੇ ਉੱਤਰ ਵਿੱਚ ਵੀ ਕਹਾਣੀ ਹੀ ਕਹਿੰਦੇ ਹਨ ਜਿਹੜੀ ਅੰਤਿਮ ਰੂਪ ਵਿੱਚ ਉਨ੍ਹਾਂ ਦੇ ਨਿੱਜੀ ਜੀਵਨ ਦੇ ਕਿਸੇ ਪਹਿਲੂ ਵਿਸ਼ੇਸ਼ ਨਾਲ ਜਾ ਜੁੜਦੀ ਹੈ। ਇਹ ਉੱਤਰਦਾਤਾ ਆਪਣੇ ਨਿੱਜੀ ਜੀਵਨ ਦੇ ਵੇਰਵਿਆਂ ਦੇ ਵਿਸਥਾਰ ਰਾਹੀਂ ਪਾਠਕ ਨੂੰ ਆਪਣੀ ਲਿਖਤ ਵੱਲ ਆਕਰਸ਼ਤ ਕਰਦੇ ਹਨ। ਡਾ. ਜੋਗਿੰਦਰ ਸਿੰਘ ਕੈਰੋਂ ਦੀ ਜਸਬੀਰ ਭੁੱਲਰ ਦੁਆਰਾ ਕੀਤੀ ਮੁਲਾਕਾਤ ਇਸ ਪ੍ਰਸੰਗ ਵਿੱਚ ਦੇਖੀ ਜਾ ਸਕਦੀ ਹੈ। ਦੂਜੀ ਕਿਸਮ ਵਿੱਚ ਉਹ ਉੱਤਰਦਾਤਾ ਸ਼ਾਮਿਲ ਹਨ ਜਿਹੜੇ ਆਪਣੇ ਨਿੱਜੀ ਜੀਵਨ ਬਾਰੇ ਵੱਧ ਤੋਂ ਵੱਧ ਚੁੱਪ ਰਹਿਣ ਦੀ ਕੋਸ਼ਿਸ਼ ਕਰਦੇ ਹਨ। ਨਿੱਜੀ ਜੀਵਨ ਬਾਬਤ ਪੁੱਛੇ ਸੁਆਲਾਂ ਨੂੰ ਜਾਂ ਤਾਂ ਉਹ ਟਾਲ ਜਾਂਦੇ ਹਨ ਜਾਂ ਫਿਰ ਉਨ੍ਹਾਂ ਦਾ ਰਸਮੀ ਜਿਹਾ ਉੱਤਰ ਦੇ ਕੇ ਮੁਲਾਕਾਤ ਨੂੰ ਆਪਣੇ ਦੁਆਰਾ ਕੀਤੇ ਕੰਮਾਂ ਦੇ ਖੇਤਰ ਵਿੱਚ ਲੈ ਜਾਂਦੇ ਹਨ। ਇਸ ਕਿਸਮ ਦੇ ਉੱਤਰਦਾਤਾ ਲੇਖਕਾਂ ਦੀ ਮੁਲਾਕਾਤ ਵਿੱਚੋਂ ਲੇਖਕ ਦੇ ਨਿੱਜ ਅਤੇ ਉਨ੍ਹਾਂ ਦੀ ਕਲਾ ਦੇ ਆਪਸੀ ਸੰਬੰਧਾਂ ਬਾਰੇ ਕੁਝ ਵੀ ਪਤਾ ਨਹੀਂ ਲੱਗਦਾ। ਇਹ ਉੱਤਰਦਾਤਾ ਕਹਾਣੀਆਂ ਨਹੀਂ ਪਾਉਂਦੇ ਸਗੋਂ ਆਲੋਚਨਾਤਮਕ ਸ਼ਬਦਾਵਲੀ ਵਿੱਚ ਕਲਾ ਦੇ ਸੁਆਲਾਂ ਨੂੰ ਮੁਖ਼ਾਤਿਬ ਹੁੰਦੇ ਹਨ। ਇਨ੍ਹਾਂ ਲਈ ਮੁਲਾਕਾਤ ਇਕ ਤਰ੍ਹਾਂ ਨਾਲ

---

[3] Quoted by John Rodden in *Performing the Literary Interview*, p-209.

ਕੀਤੇ ਕੰਮਾਂ ਦੀ ਜਾਂ ਤਾਂ ਵਿਆਖਿਆ ਹੁੰਦੀ ਹੈ ਜਾਂ ਫਿਰ ਅਗਲੇਰੀ ਕੜੀ। ਮੁਲਾਕਾਤ ਵਿੱਚ ਜੇ ਇਨ੍ਹਾਂ ਦੇ ਜੀਵਨ ਦਾ ਕੋਈ ਹਵਾਲਾ ਆਉਂਦਾ ਵੀ ਹੈ ਤਾਂ ਉਸ ਦਾ ਉਦੇਸ਼ ਵੀ ਕਲਾ ਦੇ ਕਿਸੇ ਮੁੱਦੇ ਦੀ ਪੇਸ਼ਕਾਰੀ ਹੀ ਹੁੰਦਾ ਹੈ। ਇਹ ਆਪਣੇ ਨਿੱਜ ਨਾਲੋਂ ਆਪਣੀ ਕਲਾ ਨੂੰ ਜ਼ਿਆਦਾ ਮਹੱਤਵਪੂਰਨ ਸਮਝਦੇ ਹਨ, ਇਸੇ ਕਾਰਨ ਇਹ ਆਪਣੇ ਨਿੱਜ ਦੇ ਬਜਾਇ ਆਪਣੀ ਕਲਾ ਨੂੰ ਪ੍ਰਸਾਰਦੇ ਹਨ। ਇਸ ਪ੍ਰਸੰਗ ਵਿੱਚ ਤਰਸੇਮ ਦੁਆਰਾ ਡਾ. ਸੁਤਿੰਦਰ ਸਿੰਘ ਨੂਰ ਨਾਲ ਕੀਤੀ ਮੁਲਾਕਾਤ ਵਿਸ਼ੇਸ਼ ਤੌਰ ’ਤੇ ਦੇਖੀ ਜਾ ਸਕਦੀ ਹੈ। ਤੀਜੀ ਕਿਸਮ ਦੇ ਉੱਤਰਦਾਤਾ ਉਪਰੋਕਤ ਦੋਵਾਂ ਕਿਸਮਾਂ ਤੋਂ ਭਿੰਨ ਹਨ। ਇਹ ਉੱਤਰਦਾਤਾ ਨਾ ਆਪਣੇ ਨਿੱਜ ਨੂੰ ਵਿਸਥਾਰਦੇ ਹਨ ਅਤੇ ਨਾ ਹੀ ਆਪਣੀ ਕਲਾ ਦਾ ਅੰਤਿਮ ਪੱਖੀ ਜ਼ਿਕਰ ਕਰਦੇ ਹਨ। ਇਹ ਆਪਣੀ ਲਿਖਤ ਅਤੇ ਆਪਣੇ ਨਿੱਜ ਦੇ ਅੰਤਰ-ਸੰਬੰਧਾਂ ਨੂੰ ਕੇਂਦਰ ਵਿੱਚ ਰੱਖਦੇ ਹੋਏ ਉਨ੍ਹਾਂ ਅੰਤਰ-ਵਿਰੋਧਤਾਵਾਂ ਅਤੇ ਭਾਵਾਂ ਨੂੰ ਪਛਾਨਣ ਅਤੇ ਬਿਆਨਣ ਦੀ ਕੋਸ਼ਿਸ਼ ਕਰਦੇ ਹਨ ਜਿਹੜੇ ਵਕਤ ਬੇ ਵਕਤ ਇਨ੍ਹਾਂ ਦੀਆਂ ਲਿਖਤਾਂ ਦਾ ਆਧਾਰ ਬਣਦੇ ਰਹੇ ਹਨ। ਇਸ ਕਿਸਮ ਦੇ ਉੱਤਰਦਾਤਾ ਮੁਲਾਕਾਤ ਦੇ ਮਾਧਿਅਮ ਰਾਹੀਂ ਆਪਣੇ ਨਿੱਜ ਜਾਂ ਆਪਣੀ ਕਲਾ ਦੀ ਪ੍ਰਸਿੱਧੀ ਨਹੀਂ ਕਰਦੇ ਸਗੋਂ ਕਲਾ ਅਤੇ ਜੀਵਨ ਦੇ ਆਪਸੀ ਸੰਬੰਧਾਂ ਦੀ ਜਟਿਲਤਾ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਪ੍ਰਸੰਗ ਵਿੱਚ ‘ਹੁਣ’ ਮੈਗਜ਼ੀਨ ਵਿੱਚ ਛਪੀ ਸੁਰਜੀਤ ਪਾਤਰ ਅਤੇ ਨਵਤੇਜ ਭਾਰਤੀ ਦੀ ਮੁਲਾਕਾਤ ਦੇਖੀ ਜਾ ਸਕਦੀ ਹੈ। ਉਂਝ ਉੱਤਰਦਾਤਾ ਦੀਆਂ ਕਿਸਮਾਂ ਦੀ ਕੀਤੀ ਇਹ ਵੰਡ ਅੰਤਿਮ ਨਹੀਂ, ਸੰਭਾਵਿਤ ਹੈ।

ਸਾਹਿਤਕ ਮੁਲਾਕਾਤਾਂ ਦੀ ਵਿਧਾਗਤ ਵਿਲੱਖਣਤਾ ਦੇ ਪ੍ਰਸੰਗ ਵਿੱਚ ਇਕ ਮਹੱਤਵਪੂਰਨ ਮਸਲਾ ਮੁਲਾਕਾਤ ਦੀਆਂ ਹੋਰ ਵੰਨਗੀਆਂ ਨਾਲੋਂ ਇਸ ਦੇ ਨਿਖੇੜ ਅਤੇ ਵੱਖਰਤਾ ਦਾ ਹੈ। ਮੁਲਾਕਾਤਾਂ ਦੀਆਂ ਅਨੇਕਾਂ ਵੰਨਗੀਆਂ, ਟੀ.ਵੀ. ਟਾਕ, ਰੇਡੀਓ ਟਾਕ, ਫ਼ਿਲਮੀ ਸਟਾਰਾਂ ਨਾਲ ਮੁਲਾਕਤਾਂ ਜਾਂ ਮਨੋਰੰਜਨ ਪ੍ਰੋਗਰਾਮਾਂ ਵਿਚਲੀਆਂ ਪ੍ਰਸਿੱਧ ਰਾਜਨੇਤਾਵਾਂ ਨਾਲ ਮੁਲਾਕਾਤਾਂ, ਇਸ ਸਮੇਂ ਪ੍ਰਚੱਲਿਤ ਹਨ। ਕੀ ਸਾਹਿਤਕ ਮੁਲਾਕਾਤਾਂ ਦਾ ਚਰਿੱਤਰ ਇਨ੍ਹਾਂ ਬਾਕੀਆਂ ਵੰਨਗੀਆਂ ਵਾਲਾ ਹੀ ਜਾਂ ਇਹ ਇਨ੍ਹਾਂ ਨਾਲੋਂ ਵੱਖਰੇ ਸੁਭਾਅ ਦੀਆਂ ਮਾਲਕ ਹਨ, ਇਸ ਸੁਆਲ ਨੂੰ ਨਜਿੱਠੇ ਬਿਨ੍ਹਾਂ ਸਾਹਿਤਕ ਮੁਲਾਕਾਤਾਂ ਦੀ ਵਿਧਾਗਤ ਵਿਲੱਖਣਤਾ ਦੀ ਨਿਸ਼ਾਨਦੇਹੀ ਅਧੂਰੀ ਹੈ। American Scholar ਮੈਗਜ਼ੀਨ ਦੇ ਸਮਰ 1988 ਦੇ ਅੰਕ ਵਿੱਚ Bruce Bawer ਸਾਹਿਤਕ ਮੁਲਾਕਾਤਾਂ ਦੀ ਵਿਧਾ ਦੇ ਵੱਖਰੇ ਅਸਤਿਤਵ ਤੇ ਕਿੰਤੂ ਕਰਦਾ ਲਿਖਦਾ ਹੈ:

> Can it be art? Or is the literary interview at best only an entertaining hodge-podge of personality, public relations and primary source material? Why do we read such things any way? … All of these questions can be summarized in one simple question: How seriously should we take the interview?[4]

[4] Quoted by John Rodden, p- 3.

Bruce Bawer ਆਪਣੇ ਉਪਰੋਕਤ ਸੁਆਲ ਦੇ ਜੁਆਬ ਵਿੱਚ ਦੋ ਗੱਲਾਂ ਕਹਿੰਦਾ ਹੈ, ਪਹਿਲੀ ਇਹ ਕਿ ਅਸੀਂ ਸਾਹਿਤਕ ਮੁਲਾਕਾਤਾਂ ਨੂੰ ਸੰਜੀਦਗੀ ਨਾਲ ਨਹੀਂ ਲੈਂਦੇ ਅਤੇ ਦੂਸਰੀ ਇਹ ਕਿ ਸਾਹਿਤਕ ਮੁਲਾਕਾਤਾਂ, ਮੁਲਾਕਾਤਾਂ ਦੀਆਂ ਹੋਰ ਵੰਨਗੀਆਂ ਵਰਗੀ ਹੀ ਇੱਕ ਵੰਨਗੀ ਹੈ, ਇਸ ਦਾ ਆਪਣਾ ਕੋਈ ਵਿਸ਼ੇਸ਼ ਚਰਿੱਤਰ ਨਹੀਂ ਹੈ।[5] Bruce Bawer ਦੀ ਇਹ ਧਾਰਨਾ ਸਾਹਿਤਕ ਮੁਲਾਕਾਤਾਂ ਦੇ ਵਿਸ਼ੇਸ਼ ਵਿਧਾਗਤ ਸਰੂਪ ਤੋਂ ਅਣਜਾਣਤਾ ਦੀ ਸੂਚਕ ਹੈ। ਇਹ ਠੀਕ ਹੈ ਕਿ ਇਨ੍ਹਾਂ ਦਾ ਸਰੂਪ ਵੀ ਬਾਕੀ ਦੀਆਂ ਮੁਲਾਕਾਤ ਵੰਨਗੀਆਂ ਵਾਂਗ ਪ੍ਰਸ਼ਨ-ਉੱਤਰ ਦੀ ਵਿਧੀ ਵਾਲਾ ਹੈ ਪਰ ਇਸ ਤੋਂ ਬਿਨ੍ਹਾਂ ਬਹੁਤ ਸਾਰੇ ਪ੍ਰਸੰਗਾਂ ਵਿੱਚ ਇਹ ਉਨ੍ਹਾਂ ਤੋਂ ਭਿੰਨ ਹਨ।[6] ਸਾਹਿਤਕ ਮੁਲਾਕਾਤਾਂ ਦਾ ਬਾਕੀ ਮੁਲਾਕਾਤ ਵੰਨਗੀਆਂ ਨਾਲੋਂ ਪਹਿਲਾ ਵੱਡਾ ਫਰਕ ਤਾਂ ਇਹ ਹੈ ਕਿ ਜਿੱਥੇ ਸਾਹਿਤਕ ਮੁਲਾਕਾਤਾਂ ਦਾ ਉਦੇਸ਼ ਅਕਾਦਮਿਕ ਪਰਖ ਪੜਚੋਲ ਹੈ ਉੱਥੇ ਦੂਸਰੀਆਂ ਵੰਨਗੀਆਂ ਮਹਿਜ਼ ਮਨੋਰੰਜਨ ਅਤੇ ਵਪਾਰੀ ਹਿੱਤਾਂ ਵਾਸਤੇ ਹੋਂਦ ਧਾਰਨ ਕਰਦੀਆਂ ਹਨ। ਸਾਹਿਤਕ ਮੁਲਾਕਾਤਾਂ ਦੀ ਸੁਰ ਗੰਭੀਰਤਾ ਨਾਲ ਲੇਖਕ ਅਤੇ ਉਸਦੀ ਕਲਾ ਦੇ ਆਪਸੀ ਸੰਬੰਧਾਂ ਦੀ ਪਛਾਣ ਕਰਨ ਨਾਲ ਜੁੜੀ ਹੁੰਦੀ ਹੈ, ਪਰ ਹੋਰ ਮੁਲਾਕਾਤਾਂ ਵੰਨਗੀਆਂ ਵਿੱਚ ਗੰਭੀਰਤਾ ਦੀ ਇਹ ਸੁਰ ਵਿਭਿੰਨ ਮੁੱਦਿਆਂ ਅਤੇ ਉੱਤਰਦਾਤਾ ਦੇ ਜੀਵਨ ਪਹਿਲੂਆਂ ਨੂੰ ਸਨਸਨੀਖੇਜ਼ ਬਣਾਉਣ ਵਿੱਚ ਬਦਲ ਜਾਂਦੀ ਹੈ। ਇਸ ਤਰ੍ਹਾਂ ਹੋਣ ਨਾਲ ਇਨ੍ਹਾਂ ਮੁਲਾਕਾਤਾਂ ਵਿੱਚ ਰੌਚਿਕਤਾ ਅਤੇ ਮਨੋਰੰਜਨ ਤਾਂ ਭਰਪੂਰ ਰੂਪ ਵਿੱਚ ਸਮਾ ਜਾਂਦੇ ਹਨ ਪਰ ਇਸ ਨਾਲ ਇਹ ਉਚੇਰੇ ਗਿਆਨ ਮਸਲਿਆਂ ਤੋਂ ਦੂਰ ਚਲੀਆਂ ਜਾਂਦੀਆਂ ਹਨ। ਸਾਹਿਤਕ ਮੁਲਾਕਾਤਾਂ ਸਾਹਿਤ ਅਤੇ ਕਲਾ ਦੇ ਖੇਤਰ ਦਾ ਸੰਵੇਦਨਸ਼ੀਲ ਵਰਤਾਰਾ ਹੋਣ ਕਾਰਨ ਇਤਿਹਾਸਕ ਅਤੇ ਸੱਭਿਆਚਾਰਕ ਮਹੱਤਤਾ ਦੀਆਂ ਧਾਰਨੀ ਹੁੰਦੀਆਂ ਹਨ ਪਰ ਇਸ ਦੇ ਮੁਕਾਬਲੇ ਹੋਰ ਮੁਲਾਕਾਤ ਵੰਨਗੀਆਂ ਦੀ ਹੋਂਦ ਵਕਤੀ ਅਤੇ ਥੋੜ੍ਹ-ਚਿਰੀ ਹੁੰਦੀ ਹੈ। ਇਸ ਪ੍ਰਸੰਗ ਵਿੱਚ ਉਦਾਹਰਨ ਵਜੋਂ 'ਆਜ ਤੱਕ' ਨਿਊਜ਼ ਚੈਨਲ 'ਤੇ 'ਸੀਧੀ ਬਾਤ' ਪ੍ਰੋਗਰਾਮ ਵਿੱਚ ਪ੍ਰਭੂ ਚਾਵਲਾ ਦੁਆਰਾ ਹਰ ਹਫ਼ਤੇ ਕੀਤੀ ਜਾਂਦੀ ਮੁਲਾਕਾਤ ਦੇਖੀ ਜਾ ਸਕਦੀ ਹੈ। ਇਹ ਮੁਲਾਕਾਤ ਫ਼ਿਲਮ ਜਾਂ ਰਾਜਨੀਤੀ ਦੇ ਖੇਤਰ ਦੀ ਕਿਸੇ ਪ੍ਰਸਿੱਧ ਹਸਤੀ ਨਾਲ ਲੱਗਭਗ ਵੀਹ ਮਿੰਟ ਵਿੱਚ ਮੁਕੰਮਲ ਕੀਤੀ ਜਾਂਦੀ ਹੈ। ਬਤੌਰ ਮੁਲਾਕਾਤ ਕਰਤਾ ਪ੍ਰਭੂ ਚਾਵਲੇ ਦਾ ਰੁੱਖ ਹਮਲਾਵਰ ਹੁੰਦਾ ਹੈ ਤੇ ਇਸੇ ਰੁਖ ਰਾਹੀਂ ਉਹ ਮੁਲਾਕਾਤ ਕਰਤਾ ਨੂੰ 'ਟੇਢੇ' ਤੇ ਬਹੁਤ 'ਨਿੱਜੀ' ਸੁਆਲ ਪੁੱਛ ਕੇ ਸਮੁੱਚੀ ਮੁਲਾਕਾਤ ਨੂੰ ਸਨਸਨੀਖੇਜ਼ ਅਤੇ ਸਿਰੇ ਦੀ ਨਾਟਕੀ ਬਣਾ ਦਿੰਦਾ ਹੈ। ਨਤੀਜਾ ਇਸ ਦਾ ਇਹ ਨਿਕਲਦਾ ਹੈ ਕਿ ਇਸ ਮੁਲਾਕਾਤ ਵਿੱਚੋਂ ਕਿਸੇ ਉਸਾਰੂ ਅੰਤਰ-ਦ੍ਰਿਸ਼ਟੀ ਦੀ ਥਾਂ ਮਹਿਜ ਇੰਦਰਿਆਵੀ ਮਨੋਰੰਜਨ ਹੀ ਪ੍ਰਾਪਤ ਹੋ ਪਾਉਂਦਾ ਹੈ। ਇਸ ਦੇ ਵਿਪਰੀਤ ਸਾਹਿਤਕ ਮੁਲਾਕਾਤਾਂ ਜੀਵਨ ਦੇ ਸੂਖ਼ਮ ਮਸਲਿਆਂ ਨੂੰ ਗੰਭੀਰਤਾ ਨਾਲ ਸਮਝਣ ਤੇ ਨਜਿੱਠਣ ਦਾ ਯਤਨ ਕਰਦੀਆਂ ਹਨ। ਪਰ ਇਸ ਦਾ ਭਾਵ ਇਹ ਨਹੀਂ ਕਿ ਸਾਹਿਤਕ

---

[5] "literary interviews fall squarely into the same category as movie-star biographies, literary part gossip, talk radio, and 'Entertainment Tonight." ibid, p-3.

[6] John Rodden ਦੋ ਵਿਦਵਾਨਾਂ ਦੇ ਹਵਾਲਿਆਂ ਨਾਲ ਸਾਹਿਤਕ ਮੁਲਾਕਾਤਾਂ ਨੂੰ ਬਾਕੀ ਮੁਲਾਕਾਤ ਵੰਨਗੀਆਂ ਤੋਂ ਵਖਰਿਆਉਣ ਅਤੇ ਉਚਿਆਉਣ ਦੀ ਕੋਸ਼ਿਸ਼ ਕਰਦਾ ਹੈ : Such interviews have little in common with celebrity interviews, as Christ notes, and he laments that the serious literary interview " suffers guilt by association with talk shows, whose cult is the instant, the slovenly – thinking aloud rather than artifact." It is unfortunate, as Melvin Lasky observes, that " we know the interview mostly in the bastardized version of dialogue or conversation which appears in newspapers and on TV screens, Where it usually succumbs to the traditional pitfalls of … superficiality, sensationalism, sauciness." Remarking on the etymology of " inter-view," Lasky adds: "In its original meaning, the word had nothing to do with journalism. It reffered to a formal or ceremonial meeting of great persons. ibid, p-6.

ਮੁਲਾਕਾਤਾਂ ਰੌਚਿਕ ਜਾਂ ਮਨੋਰੰਜਕ ਹੋਣ ਦੀ ਥਾਂ ਉਕਾਊ ਤੇ ਭਾਰੂ ਹੁੰਦੀਆਂ ਹਨ, ਕਹਿਣ ਦਾ ਭਾਵ ਤਾਂ ਕੇਵਲ ਇਹ ਹੈ ਕਿ ਇਹ ਰੌਚਿਕਤਾ ਅਤੇ ਮਨੋਰੰਜਨ ਤੋਂ ਅੱਗੇ ਜਾ ਅਨੇਕਾਂ ਹੋਰ ਅਜਿਹੇ ਮਰਹਲੇ ਤੈਅ ਕਰਦੀਆਂ ਹਨ, ਜਿਹੜੇ ਅੰਤਿਮ ਰੂਪ ਵਿੱਚ ਸਾਹਿਤਕ ਮੁਲਾਕਾਤ ਦੀ ਇਸ ਵਿਧਾ ਨੂੰ ਹੋਰ ਵੰਨਗੀਆਂ ਤੋਂ ਵਖਰਿਆਉਂਦੇ ਅਤੇ ਉਚਿਆਉਂਦੇ ਹਨ।

ਸਾਹਿਤਕ ਮੁਲਾਕਾਤਾਂ ਦੀ ਵਿਧਾਗਤ ਵਿਲੱਖਣਤਾ ਦਾ ਅਗਲਾ ਪ੍ਰਸ਼ਨ ਇਸ ਦੇ ਪ੍ਰਕਾਰਜ ਦੀ ਪਕ੍ਰਿਤੀ ਨਾਲ ਜੁੜਿਆ ਹੋਇਆ ਹੈ। ਵਿਧਾ ਦੀ ਦ੍ਰਿਸ਼ਟੀ ਤੋਂ ਮੁਲਾਕਾਤਾਂ ਸੁਤੰਤਰ ਪਾਠ ਵੀ ਹਨ ਅਤੇ ਹੋਰ ਉਦੇਸ਼ਾਂ ਦੀ ਪ੍ਰਾਪਤੀ ਹਿੱਤ ਮਾਧਿਅਮ/ਡੈਟਾ ਵੀ। ਇਸ ਵਿਧਾ ਦੀਆਂ ਵਿਧਾਗਤ ਵਿਲੱਖਣਤਾ ਦੇ ਨਜ਼ਰੀਏ ਤੋਂ ਕੀ ਇਨ੍ਹਾਂ ਦਾ ਅਧਿਐਨ ਸੁਤੰਤਰ ਰੂਪ ਵਜੋਂ ਕੀਤਾ ਜਾਣਾ ਚਾਹੀਦਾ ਹੈ ਜਾਂ ਫਿਰ ਖੋਜ ਦੇ ਇੱਕ ਸੰਦ ਵਜੋਂ, **Ronald Christ** ਇਸ ਸਵਾਲ ਦੇ ਜੁਵਾਬ ਵਿੱਚ ਮੁਲਾਕਾਤਾਂ ਨੂੰ ਇੱਕ ਸੁਤੰਤਰ ਰੂਪ ਵਜੋਂ ਸਮਝਣ ਅਤੇ ਅਧਿਐਨ ਕਰਨ ਦੀ ਤਾਈਦ ਕਰਦਾ ਹੈ। ਉਸ ਅਨੁਸਾਰ ਇਸ ਵਿਧਾ ਦੀਆਂ ਵਿਧਾਗਤ ਵਿਲੱਖਣਤਾਵਾਂ ਉਦੋਂ ਤੱਕ ਪੂਰੀ ਤਰ੍ਹਾਂ ਸਮਝੀਆਂ ਨਹੀਂ ਜਾ ਸਕਦੀਆਂ ਜਦੋਂ ਤੱਕ ਇਸ ਨੂੰ ਇਸ ਦੇ ਆਪਣੇ ਪ੍ਰਸੰਗ ਵਿੱਚ ਰੱਖ ਕੇ ਵਾਚਿਆ ਨਹੀਂ ਜਾਂਦਾ। ਇੱਕ ਸੁਤੰਤਰ ਪਾਠ ਵਜੋਂ ਇਨ੍ਹਾਂ ਦਾ ਅਧਿਐਨ ਆਪਣੇ ਆਪ ਵਿੱਚ ਜਾਣਕਾਰੀ, ਗਿਆਨ ਅਤੇ ਆਨੰਦ ਦਾ ਸੋਮਾ ਹੈ।ਇਨ੍ਹਾਂ ਮੁਲਾਕਾਤਾਂ ਦੀ ਪੜ੍ਹਤ ਰਾਹੀਂ ਪਾਠਕ ਜਿੱਥੇ ਮਨੁੱਖੀ ਜੀਵਨ ਦੀ ਹੋਂਦ ਅਤੇ ਸਾਰਥਕਤਾ ਦੇ ਪ੍ਰਸ਼ਨਾਂ ਨੂੰ ਸੁਲਝਾਉਣ ਵੱਲ ਰੁਚਿਤ ਹੁੰਦਾ ਹੈ ਉੱਥੇ ਉਹ ਲੇਖਕ ਅਤੇ ਲਿਖਤ ਦੇ ਆਪਸੀ ਸਬੰਧਾਂ ਦੀ ਸਮਝ ਰਾਹੀਂ ਸਾਹਿਤ ਦੇ ਵਿਧਾਗਤ ਮਸਲਿਆਂ ਨੂੰ ਸਮਝਣ ਦਾ ਯਤਨ ਵੀ ਕਰਦਾ ਹੈ। ਇਕ ਖੋਜ ਸੰਦ ਵਜੋਂ ਇਨ੍ਹਾਂ ਦਾ ਪ੍ਰਯੋਗ ਕੀਤਾ ਤਾਂ ਜਾ ਸਕਦਾ ਹੈ ਪਰ ਕੇਵਲ ਇਨ੍ਹਾਂ ਨੂੰ ਇੱਕ ਖੋਜ ਸੰਦ ਤੱਕ ਹੀ ਸੀਮਤ ਕਰ ਦੇਣਾ ਇਨ੍ਹਾਂ ਦੀਆਂ ਅਨੇਕਾਂ ਸੰਭਾਵਨਾਵਾਂ ਤੋਂ ਮੁਖ ਮੋੜਨ ਵਾਲੀ ਗੱਲ ਹੋਵੇਗੀ। **John Rodden** ਸਾਹਿਤਕ ਮੁਲਾਕਾਤਾਂ ਦੀ ਵਿਸ਼ੇਸ਼ ਤਰ੍ਹਾਂ ਦੀ ਪ੍ਰਕਿਰਤੀ ਬਾਰੇ ਚਰਚਾ ਕਰਦਾ ਲਿਖਦਾ ਹੈ :

> The literary interview is neither a “creative” nor “critical” genre, as those words are conventionally (and all too loosely) used, but a form that is flowering into an important new kind of discourse, thereby warranting consideration in its own terms. [7]

ਸਾਹਿਤਕ ਮੁਲਾਕਾਤਾਂ ਦੀ ਵਿਧਾ ਦੀਆਂ ਵਿਭਿੰਨ ਵਿਧਾਗਤ ਵਿਸ਼ੇਸ਼ਤਾਵਾਂ ਦੀ ਪਛਾਣ ਕਰਨ ਤੋਂ ਬਾਅਦ ਸਾਡੇ ਅਧਿਐਨ ਦਾ ਅਗਲਾ ਮਰਕਜ਼ ਇਸ ਵਿਧਾ ਵਿੱਚ ਵਾਪਰੇ ਰੂਪਾਂਤਰਣਾਂ ਦੀ ਨਿਸ਼ਾਨਦੇਹੀ ਨਾਲ ਸੰਬੰਧਿਤ ਹੈ। ਜੀਵਨ ਯਥਾਰਥ ਵਿੱਚ ਆਈਆਂ ਪ੍ਰਭਾਵੀ ਤਬਦੀਲੀਆਂ ਜਦੋਂ ਸਾਹਿਤ ਸਰੋਕਾਰਾਂ ਦਾ ਹਿੱਸਾ ਬਣਦੀਆਂ ਹਨ ਤਾਂ ਇਹ ਸੰਬੰਧਿਤ ਵਿਧਾ ਦੇ ਰੂਪ ਅਤੇ ਵਸਤੂ ਨੂੰ ਵੀ ਘੱਟ ਜਾਂ ਵੱਧ ਪ੍ਰਭਾਵਿਤ ਕਰਦੀਆਂ ਹਨ। ਕੋਈ ਵੀ ਸਾਹਿਤ ਰੂਪ ਸਮਾਂ ਨਿਰਪੇਖ ਨਹੀਂ ਹੁੰਦਾ, ਵਕਤ ਨਾਲ ਸਾਹਿਤ ਦੀ ਹਰ ਵਿਧਾ ਬਦਲਦੀ ਹੈ। ਵਿਭਿੰਨ ਸਾਹਿਤਕ ਵਿਧਾਵਾਂ ਵਿੱਚ ਰੂਪਾਂਤਰਣ ਦੀ ਪ੍ਰਕਿਰਿਆ ਚੱਲਦੀ ਤਾਂ

---

[7] John Rodden, Performing the Literary Interview, p-21.

ਭਾਵੇਂ ਨਿਰੰਤਰ ਰਹਿੰਦੀ ਹੈ ਪਰ ਇਸ ਦਾ ਪ੍ਰਤੱਖ ਪ੍ਰਮਾਣ ਇੱਕ ਖਾਸ ਪੜਾਅ ਤੇ ਜਾ ਕੇ ਹੀ ਪ੍ਰਾਪਤ ਹੁੰਦਾ ਹੈ। ਵਿਧਾਵਾਂ ਵਿੱਚ ਪਰਿਵਰਤਨ ਦਾ ਇਹ ਅਮਲ ਭੂਤ ਅਤੇ ਵਰਤਮਾਨ ਦੇ ਤੁਲਨਾਵੀਂ ਪ੍ਰਸੰਗ ਰਾਹੀਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਸਾਹਿਤਕ ਮੁਲਾਕਾਤਾਂ ਦੇ ਬੀਤੇ ਸਮੇਂ ਵਿਚਲੇ ਰੂਪ ਦੀ ਜਦੋਂ ਅੱਜ ਪ੍ਰਚੱਲਿਤ ਰੂਪ ਨਾਲ ਤੁਲਨਾ ਕਰਦੇ ਹਾਂ ਤਾਂ ਮੁੱਖ ਤੌਰ ਤੇ ਇਸ ਵਿਧਾ ਵਿੱਚ ਵਾਪਰੇ ਦੋ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦੇ ਹਨ, ਜਿਹੜੇ ਫਿਰ ਇਸ ਵਿਧਾ ਵਿਚਲੇ ਰੂਪਾਂਤਰਣ ਦੇ ਮੂਲ ਪ੍ਰੇਰਕ ਬਣਦੇ ਹਨ। ਇਹ ਪਰਿਵਰਤਨ ਇਸ ਵਿਧਾ ਦੀਆਂ ਰਚਨਾਵਾਂ ਦੀ ਗਿਣਾਤਮਕਤਾ ਅਤੇ ਗੁਣਾਤਮਕਤਾ ਦੋਵਾਂ ਨਾਲ ਸੰਬੰਧਿਤ ਹਨ।

ਪੂੰਜੀ ਦੇ ਯੁੱਗ ਨੇ ਅੱਜ ਦੇ ਮਨੁੱਖ ਦੀ ਸ਼ਖ਼ਸੀਅਤ ਨੂੰ ਦੋ ਚਾਹਤਾਂ ਦੁਆਲੇ ਸਮੇਟ ਦਿੱਤਾ ਹੈ। ਪਹਿਲੀ ਚਾਹਤ ਉਸ ਦੀ ਸੱਤਾਵਾਨ ਬਣਨ ਦੀ ਹੈ ਅਤੇ ਦੂਸਰੀ ਹਰ ਚੀਜ਼ ਨੂੰ ਭੋਗਣ ਦੀ। ਇਨ੍ਹਾਂ ਦੋਵੇਂ ਚਾਹਤਾਂ ਨੇ ਸਾਡੇ ਸਮਿਆਂ ਦੇ ਇਨਸਾਨ ਨੂੰ ਚੰਗੇ-ਮੰਦੇ ਆਯਾਮ ਦਿੱਤੇ ਹਨ। ਸਾਹਿਤ ਦਾ ਰਚਾਇਤਾ ਮਨੁੱਖ ਉਪਰੋਕਤ ਚਾਹਤਾਂ ਤੋਂ ਆਮ ਮਨੁੱਖ ਜਿੰਨਾ ਤਾਂ ਪ੍ਰਭਾਵਿਤ ਭਾਵੇਂ ਨਾ ਹੋਇਆ ਹੋਵੇ ਪਰ ਉਹ ਇਨ੍ਹਾਂ ਤੋਂ ਪੂਰੀ ਤਰ੍ਹਾਂ ਬਚਿਆ ਰਹਿ ਗਿਆ ਹੋਵੇ, ਇਹ ਮੰਨਣਾ ਵੀ ਜਾਇਜ਼ ਨਹੀਂ। ਸ਼ਕਤੀ ਦੀ ਚਾਹਤ ਨੇ ਜਿੱਥੇ ਉਸ ਨੂੰ ਆਪਣੇ ਨਾਲ ਦੇ ਮਨੁੱਖਾਂ ਨਾਲ ਇੱਕ ਅਜੀਬ ਕਿਸਮ ਦੇ ਮੁਕਾਬਲੇ ਵਿੱਚ ਪਾ ਦਿੱਤਾ ਹੈ, ਉੱਥੇ ਇਸ ਚਾਹਤ ਨੇ ਉਸ ਨੂੰ ਜੀਵਨ ਦੀਆਂ ਅੰਤਿਮ ਸੱਚਾਈਆਂ ਦੀ ਤਲਾਸ਼ ਤੋਂ ਬੇਮੁੱਖ ਵੀ ਕਰ ਦਿੱਤਾ ਹੈ। ਸਾਹਿਤ ਅੱਜ ਉਸ ਲਈ ਜੀਵਨ ਅਰਥਾਂ ਦੀ ਤਲਾਸ਼ ਦਾ ਮਹਿਜ ਮਾਧਿਅਮ ਨਹੀਂ ਸਗੋਂ ਇਸ ਤੋਂ ਵੱਧ ਕੇ ਸ਼ਕਤੀ ਪ੍ਰਾਪਤੀ ਦਾ ਇੱਕ ਸਰੋਤ ਹੈ। ਉਹ ਸਾਹਿਤ ਰਚਦਾ ਤਾਂ ਭਾਵੇਂ ਕਿਸੇ ਅੰਦਰਲੀ ਲੋੜ ਲਈ ਹੈ ਪਰ ਵਰਤਦਾ ਇਸ ਨੂੰ ਸ਼ਕਤੀ ਪ੍ਰਾਪਤੀ ਲਈ ਹੈ।

ਇਸ ਵਿਚਾਰ ਨੂੰ ਸਾਹਿਤਕ ਮੁਲਾਕਾਤਾਂ ਦੀ ਵਿਧਾ ਦੇ ਪਰਿਵਰਤਨਾਂ ਨਾਲ ਜੋੜ ਕੇ ਸਮਝਦੇ ਹਾਂ। ਪਿਛਲੇ ਕੁਝ ਸਮੇਂ ਵਿੱਚ ਸਾਹਿਤਕ ਮੁਲਾਕਾਤਾਂ ਦੀ ਗਿਣਤੀ ਵਿੱਚ ਹੈਰਾਨਕੁਨ ਵਾਧਾ ਹੋਇਆ ਹੈ। ਇਸ ਦਾ ਕਾਰਨ ਕੀ ਹੋ ਸਕਦਾ ਹੈ? ਕੀ ਇਹ ਵਿਧਾ ਜੀਵਨ ਅਰਥਾਂ ਦੀ ਸੋਝੀ ਦੇਣ ਵਿੱਚ ਵਕਤ ਦੇ ਇਸ ਮੋੜ ਤੇ ਕਿਸੇ ਵਿਸ਼ੇਸ਼ ਭੂਮਿਕਾ ਦੇ ਸਮਰੱਥ ਹੋ ਗਈ ਹੈ? ਜਾਂ ਫਿਰ ਬਦਲੇ ਸਿਧਾਂਤਕ ਪਰਿਪੇਖ ਵਿੱਚ ਕਿਸੇ ਲੇਖਕ ਦੇ ਰਚਨਾ ਸੰਸਾਰ ਦੀ ਸਮਝ ਹਿੱਤ ਉਸ ਦੇ ਜੀਵਨ ਵੇਰਵੇ ਅਤਿ ਮਹੱਤਵਪੂਰਨ ਮੰਨੇ ਜਾਣ ਲੱਗੇ ਹਨ? ਜੇ ਸਤਹ ਤੋਂ ਜ਼ਰਾ ਅੱਗੇ ਜਾ ਦੇਖਿਆ ਜਾਵੇ ਤਾਂ ਇਸ ਦਾ ਇੱਕ ਹੋਰ ਅਹਿਮ ਕਾਰਨ ਨਜ਼ਰ ਆਉਣ ਲੱਗਦਾ ਹੈ। ਇਸ ਕਾਰਨ ਦਾ ਮੂਲ ਪ੍ਰੇਰਕ ਨਿਰਸੰਦੇਹ ਸ਼ਕਤੀ ਪ੍ਰਾਪਤੀ ਨਾਲ ਹੀ ਜੁੜਿਆ ਹੋਇਆ ਹੈ। ਪੰਜਾਬੀ ਸਾਹਿਤਕ ਸਮਾਜ ਦਾ ਇੱਕ ਆਪਣਾ ਸ਼ਕਤੀ ਪ੍ਰਬੰਧ ਹੈ, ਜਿਸ ਵਿੱਚ ਹਰ ਸ਼ਕਤੀਵਾਨ ਲੇਖਕ ਮੁਲਾਕਾਤਾਂ ਦੀ ਵਿਧਾ ਰਾਹੀਂ ਆਪਣੇ ਨਿੱਜ ਨੂੰ ਵਿਸਥਾਰ ਦਿੰਦਾ ਹੋਰ ਸ਼ਕਤੀਸ਼ਾਲੀ ਹੋਣਾ ਚਾਹੁੰਦਾ ਹੈ। ਇਸ ਸਮਾਜ ਵਿੱਚ ਪ੍ਰਵੇਸ਼ ਕਰਨ ਵਾਲ ਹਰ ਨਵਾਂ ਸ਼ਖ਼ਸ ਵੀ ਆਪਣੇ ਹੀ ਢੰਗ ਨਾਲ ਮੁਲਾਕਾਤਾਂ ਦੀ ਵਿਧਾ ਰਾਹੀਂ ਖਾਸੇ ਸੌਖੇ ਢੰਗ ਦੁਆਰਾ ਇਸ ਸ਼ਕਤੀ ਨੂੰ ਮੁਲਾਕਾਤੀ ਬਣ ਕੇ ਜਿੰਨੀ ਹੋ ਸਕੇ ਹਥਿਆਉਣ ਦੀ ਕੋਸ਼ਿਸ਼ ਕਰਦਾ ਹੈ। ਇਸ ਤਰ੍ਹਾਂ ਸ਼ਕਤੀ ਚਾਹਤ ਦਾ ਇਹ ਅਮਲ ਮੁਲਾਕਾਤਾਂ ਦੀ ਵਿਧਾ ਦੀਆਂ ਰਚਨਾਵਾਂ ਦੇ ਗਿਣਾਤਮਕ ਵਾਧੇ ਦਾ ਕਾਰਨ ਬਣ ਜਾਂਦਾ ਹੈ।

ਹੁਣ ਸਮਝਣ ਵਾਲਾ ਮਸਲਾ ਇਹ ਹੈ ਕਿ ਮੁਲਾਕਾਤਾਂ ਦੀ ਵਿਧਾ ਦੀਆਂ ਰਚਨਾਵਾਂ ਵਿਚਲਾ ਇਹ ਗਿਣਾਤਮਕ ਵਾਧਾ ਗੁਣਾਤਮਕ ਪੱਖੋਂ ਇਸ ਵਿਧਾ ਤੇ ਕਿਸ ਤਰ੍ਹਾਂ ਅਸਰ ਅੰਦਾਜ਼ ਹੁੰਦਾ ਹੈ। ਇਸ ਪ੍ਰਸੰਗ ਵਿੱਚ ਇਸ ਦਾ ਸਭ ਤੋਂ

ਪਹਿਲਾ ਅਸਰ ਸਵਾਲ ਕਰਤਾ ਦੀ ਭੂਮਿਕਾ ਤੇ ਪਿਆ ਹੈ। ਇਸ ਦੌਰ ਦੀਆਂ ਰਚਨਾਵਾਂ ਦਾ ਸਵਾਲ ਕਰਤਾ ਲੋੜੋਂ ਵੱਧ ਪ੍ਰਸ਼ੰਸਾਤਮਕ ਹੋ ਗਿਆ ਹੈ ਅਤੇ ਉਸ ਦੇ ਸਵਾਲਾਂ ਦਾ ਕੇਂਦਰ-ਬਿੰਦੂ ਲੇਖਕ ਅਤੇ ਉਸ ਦੀ ਰਚਨਾ ਦੇ ਅੰਤਰ-ਸੰਬੰਧਾਂ ਦੀ ਥਾਂ ਲੇਖਕ ਦਾ ਨਿੱਜੀ ਜੀਵਨ ਅਤੇ ਉਸ ਦੀਆਂ ਪ੍ਰਾਪਤੀਆਂ ਬਣ ਗਈਆਂ ਹਨ। ਅਜਿਹੀ ਸਥਿਤੀ ਵਿੱਚ ਮੁਲਾਕਾਤਾਂ ਦੀ ਇਹ ਵਿਧਾ ਬੌਧਿਕ ਅਤੇ ਮੁਲਾਂਕਣੀ ਬਿਰਤੀ ਤਿਆਗ ਕੇ ਉੱਤਰਦਾਤਾ ਲੇਖਕਾਂ ਦੀ ਮਸ਼ਹੂਰੀ ਦਆਲੇ ਸਿਮਟਦੀ ਜਾ ਰਹੀ ਹੈ। ਭਾਵੇਂ 'ਹੁਣ' ਮੈਗਜ਼ੀਨ ਵਿੱਚ ਛਪੀਆਂ ਮੁਲਾਕਾਤਾਂ ਇਸ ਪ੍ਰਸੰਗ ਵਿੱਚ ਅਪਵਾਦ ਕਹੀਆਂ ਜਾ ਸਕਦੀਆਂ ਹਨ।

ਸਾਹਿਤਕ ਸਮਾਜ ਵਿੱਚ ਸ਼ਕਤੀ ਪ੍ਰਾਪਤੀ ਦਾ ਉਦੇਸ਼ ਵੱਧ ਤੋਂ ਵੱਧ ਗਿਆਨ ਦੀ ਪ੍ਰਾਪਤੀ ਨਾਲ ਜੁੜਿਆ ਹੁੰਦਾ ਹੈ। ਜਿੰਨਾ ਵੱਧ ਗਿਆਨ ਓਨੀ ਹੀ ਵੱਧ ਸ਼ਕਤੀ। ਇਸ ਪ੍ਰਸੰਗ ਵਿੱਚ ਗਿਆਨ ਰਾਹੀਂ ਸ਼ਕਤੀ ਪ੍ਰਾਪਤੀ ਦੀ ਪ੍ਰਕਿਰਿਆ ਨੇ ਮੁਲਾਕਾਤਾਂ ਦੀ ਵਿਧਾ ਨੂੰ ਕੁਝ ਉਚੇਰੇ ਆਯਾਮ ਵੀ ਪ੍ਰਦਾਨ ਕਰਵਾਏ ਹਨ। ਆਪਣੇ ਆਲੇ ਦੁਆਲੇ ਦੇ ਵਰਤਾਰਿਆਂ ਨੂੰ ਸਮਝਣ ਹਿੱਤ ਸੰਵਾਦ ਰਚਾਉਣਾ ਮਨੁੱਖ ਦੀ ਸਭ ਤੋਂ ਪ੍ਰਭਾਵਸ਼ਾਲੀ ਅਤੇ ਕਾਰਗਰ ਜੁਗਤ ਹੈ। ਮੁਲਾਕਾਤ ਇਸੇ ਜੁਗਤ ਦਾ ਹੀ ਇੱਕ ਹਿੱਸਾ ਹਨ। ਗਿਆਨ ਹਾਸਿਲ ਕਰਨ ਦੀ ਚਾਹਤ ਦੇ ਤੇਜ਼ ਹੋਣ ਨਾਲ ਸਾਹਿਤਕ ਮੁਲਾਕਾਤਾਂ ਨਾਲ ਮਿਲਦੀਆਂ ਜੁਲਦੀਆਂ ਕੁਝ ਹੋਰ ਵੰਨਗੀਆਂ ਨੇ ਵੀ ਸਮਕਾਲ ਵਿੱਚ ਹੋਂਦ ਗ੍ਰਹਿਣ ਕੀਤੀ ਹੈ। ਇਨ੍ਹਾਂ ਵੰਨਗੀਆਂ ਨੂੰ ਪੂਰੀ ਤਰ੍ਹਾਂ ਸਾਹਿਤਕ ਮੁਲਾਕਾਤਾਂ ਦੀ ਵਿਧਾ ਦੇ ਅੰਦਰ ਤਾਂ ਨਹੀਂ ਰੱਖਿਆ ਜਾ ਸਕਦਾ ਪਰ ਇਨ੍ਹਾਂ ਦੀ ਸਮਾਨਤਾ ਨਿਰਸੰਦੇਹ ਸਭ ਤੋਂ ਜ਼ਿਆਦਾ ਸਾਹਿਤਕ ਮੁਲਾਕਾਤਾਂ ਨਾਲ ਹੀ ਹੈ। ਪਹਿਲੀ ਵੰਨਗੀ ਜਿਸਦੀ ਏਥੇ ਚਰਚਾ ਹੋ ਸਕਦੀ ਹੈ, ਉਹ 'ਲਕੀਰ' ਅਤੇ 'ਪ੍ਰਵਚਨ' ਮੈਗਜ਼ੀਨਾਂ ਰਾਹੀਂ ਹੋਂਦ ਵਿੱਚ ਆਉਂਦੀ ਹੈ।'ਪ੍ਰਵਚਨ' ਵਾਲੇ ਹਰ ਸਾਲ ਇੱਕ ਕਹਾਣੀ ਗੋਸ਼ਟੀ ਕਰਵਾਉਂਦੇ ਹਨ ਜਿਸ ਵਿੱਚ ਕੁਝ ਚੋਣਵੇਂ ਵਿਦਵਾਨਾਂ ਵੱਲੋਂ ਕੁਝ ਚੋਣਵੀਆਂ ਕਹਾਣੀਆਂ ਉੱਤੇ ਬਹਿਸ ਕੀਤੀ ਜਾਂਦੀ ਹੈ। ਇਹ ਬਹਿਸ ਮੁੜ ਕੇ ਇਸ ਮੈਗਜ਼ੀਨ ਦੇ ਕਿਸੇ ਇੱਕ ਅੰਕ ਵਿੱਚ ਛਾਪ ਦਿੱਤੀ ਜਾਂਦੀ ਹੈ। ਇਸ ਵੰਨਗੀ ਦੇ ਪ੍ਰਸੰਗ ਵਿੱਚ ਸਵਾਲ ਇਹ ਬਣਦਾ ਹੈ ਕਿ ਕੀ ਗੋਸ਼ਟੀ ਮੁਲਾਕਾਤ ਹੁੰਦੀ ਹੈ, ਤਾਂ ਨਿਰਸੰਦੇਹ ਇਹ ਹੁੰਦੀ ਹੈ, ਬੇਸ਼ੱਕ ਇਸ ਦਾ ਮਰਕਜ਼ ਕੋਈ ਵਿਅਕਤੀ ਵਿਸ਼ੇਸ਼ ਨਾ ਹੋ ਕੇ ਕੋਈ ਰਚਨਾ ਵਿਸ਼ੇਸ਼ ਹੁੰਦੀ ਹੈ। ਇਸ ਵਿੱਚ ਕੁਝ ਵਿਅਕਤੀ ਕਿਸੇ ਰਚਨਾ ਵਿਸ਼ੇਸ਼ ਨੂੰ ਲੈ ਕੇ ਆਪਸ ਵਿੱਚ ਮੁਲਾਕਾਤ ਕਰਦੇ ਹਨ। 'ਲਕੀਰ' ਵਾਲੇ ਇਸ ਮੈਗਜ਼ੀਨ ਦੇ ਅੰਕਾਂ ਵਿੱਚ ਸਾਹਿਤਕ ਸੰਸਾਰ ਦੇ ਕਿਸੇ ਜ਼ਰੂਰੀ ਮਸਲੇ ਨੂੰ ਬਹਿਸ ਦਾ ਮੁੱਦਾ ਬਣਾਉਂਦੇ ਰਹੇ ਹਨ। ਮਸਲੇ ਬਾਬਤ ਚਰਚਾ ਕੁਝ ਚੋਣਵੇਂ ਵਿਦਵਾਨ ਕਰਦੇ ਸਨ ਜਿਨ੍ਹਾਂ ਵਿੱਚੋਂ ਇੱਕ ਸੂਤਰਧਾਰ ਦੀ ਭੂਮਿਕਾ ਵਿੱਚ ਹਾਜ਼ਰ ਹੁੰਦਾ ਸੀ। ਇਨ੍ਹਾਂ ਚਰਚਾਵਾਂ ਵਿੱਚ ਸੂਤਰਧਾਰ ਅਕਸਰ ਸਵਾਲ ਕਰਤਾ ਦੀ ਭੂਮਿਕਾ ਵੀ ਨਿਭਾਉਂਦਾ ਸੀ। ਇਸ ਸਥਿਤੀ ਵਿੱਚ ਇਹ ਚਰਚਾਵਾਂ 'ਪ੍ਰਵਚਨ' ਮੈਗਜ਼ੀਨ ਵਿਚਲੀਆਂ ਗੋਸ਼ਟੀਆਂ ਦੇ ਮੁਕਾਬਲਤਨ ਮੁਲਾਕਾਤਾਂ ਦੇ ਸੁਭਾਅ ਦੇ ਜ਼ਿਆਦਾ ਨੇੜੇ ਪ੍ਰਤੀਤ ਹੰਦੀਆਂ ਹਨ। ਸਾਹਿਤਕ ਮੁਲਾਕਾਤਾਂ ਦੀ ਵਿਧਾ ਨਾਲ ਮਿਲਦੀਆਂ ਜੁਲਦੀਆਂ ਇਨ੍ਹਾਂ ਵੰਨਗੀਆਂ ਦੀ ਵਿਧਾਗਤ ਵਿਲੱਖਣਤਾ ਬਾਬਤ ਇਸ ਵਕਤ ਅੰਤਿਮ ਰੂਪ ਵਿੱਚ ਕੁਝ ਵੀ ਕਹਿਣਾ ਸੰਭਵ ਨਹੀਂ। ਭਵਿੱਖ ਵਿੱਚ ਇਨ੍ਹਾਂ ਵੰਨਗੀਆਂ ਦੀ ਲਗਾਤਾਰਤਾ ਹੀ ਅਸਲ ਵਿੱਚ ਇਨ੍ਹਾਂ ਨੂੰ ਕੋਈ ਨਿਸ਼ਚਿਤ ਪਛਾਣ ਦੇਣ ਦੇ ਸਮਰੱਥ ਹੋ ਸਕੇਗੀ।

ਸਾਹਿਤਕ ਮੁਲਾਕਾਤਾਂ ਦੀ ਇੱਕ ਹੋਰ ਵੰਨਗੀ ਦੇ ਸਾਹਮਣੇ ਆਉਣ ਦੀ ਸੰਭਾਵਨਾ ਪਿੱਛੇ ਜਿਹੇ ਬਣੀ ਸੀ। ਇਹ ਵੰਨਗੀ ਦੋ ਲੇਖਕਾਂ/ਚਿੰਤਕਾਂ ਦੀ ਆਪਸੀ ਵਿਚਾਰ ਚਰਚਾ ਤੇ ਆਧਾਰਿਤ ਸੀ। ਇਸ ਵੰਨਗੀ ਅਧੀਨ ਦੋ ਲੇਖਕ/ਚਿੰਤਕ

ਕ੍ਰਮਵਾਰ ਆਪਣੇ ਜੀਵਨ ਅਤੇ ਕਲਾ ਬਾਰੇ ਇੱਕ ਦੂਜੇ ਨਾਲ ਵਿਚਾਰ ਸਾਂਝੇ ਕਰਦੇ ਸਨ। ਕੋਈ ਤੀਸਰਾ ਬੰਦਾ ਇਨ੍ਹਾਂ ਵਿਚਾਰਾਂ ਨੂੰ ਰਿਕਾਰਡ ਕਰਦਾ ਸੀ ਜਿਹੜੇ ਬਾਅਦ ਵਿੱਚ ਕਾਗਜ਼ ਤੇ ਉਤਾਰ ਲਏ ਜਾਂਦੇ ਸਨ। ਇਸ ਵੰਨਗੀ ਵਿੱਚ ਦੋਵਾਂ ਲੇਖਕਾਂ ਵਿੱਚੋਂ ਕੋਈ ਵੀ ਕਿਸੇ ਨੂੰ ਸਵਾਲ ਨਹੀਂ ਕਰਦਾ ਸੀ, ਦੋਵੇਂ ਆਪੋ ਆਪਣੇ ਜੀਵਨ ਸਫਰ ਨੂੰ ਮੁੱਢੋਂ ਸ਼ੁਰੂ ਕਰਕੇ ਵਾਰੋ ਵਾਰੀ ਅੱਗੇ ਵੱਧਦੇ ਚਲੇ ਜਾਂਦੇ ਸਨ। ਇਸ ਵੰਨਗੀ ਦਾ ਆਗ਼ਾਜ਼ 'ਆਰੰਭ' ਮੈਗਜ਼ੀਨ ਨੇ ਕੀਤਾ ਸੀ, ਉਸ ਦੇ ਪਹਿਲੇ ਅੰਕ ਵਿੱਚ ਇਸ ਵੰਨਗੀ ਦੀ ਇੱਕ ਮੁਲਾਕਾਤ ਛਪੀ ਵੀ ਸੀ ਪਰ ਬਦਕਿਸਮਤੀ ਨਾਲ ਇਹ ਮੈਗਜ਼ੀਨ ਇਸ ਪਹਿਲੇ ਅੰਕ ਤੋਂ ਬਾਅਦ ਬੰਦ ਹੋ ਗਿਆ ਤੇ ਨਾਲ ਹੀ ਇਸ ਨਵੀਂ ਵੰਨਗੀ ਦੇ ਉਸਰਨ ਦੀ ਸੰਭਾਵਨਾ ਵੀ ਮਾਂਦੀ ਪੈ ਗਈ।

**ਅੰਤਿਮ ਸ਼ਬਦ :** ਸਾਹਿਤਕ ਮੁਲਾਕਾਤਾਂ ਦੀ ਵਿਧਾਗਤ ਵਿਲੱਖਣਤਾ ਦਾ ਉਪਰੋਕਤ ਪਰਿਪੇਖ ਇਨ੍ਹਾਂ ਦੀ ਸਮਕਾਲ ਵਿਚਲੀ ਭੂਮਿਕਾ ਅਨੁਸਾਰ ਉਸਾਰਿਆ ਗਿਆ ਹੈ। ਜਦੋਂ ਕਿ ਇਨ੍ਹਾਂ ਮੁਲਾਕਾਤਾਂ ਦੀ ਸਾਰਥਕਤਾ ਦਾ ਇੱਕ ਅਹਿਮ ਪਾਸਾਰ ਭਵਿੱਖ ਵਿੱਚ ਲੁਕਿਆ ਹੋਇਆ ਹੈ। ਲੇਖਕਾਂ/ਚਿੰਤਕਾਂ ਨੇ ਇਸ ਧਰਤੀ ਤੇ ਹਮੇਸ਼ਾਂ ਨਹੀਂ ਰਹਿਣਾ ਹੁੰਦਾ, ਅੱਜ ਆਸਾਨੀ ਨਾਲ ਦਿਖ ਤੇ ਮਿਲ ਜਾਣ ਵਾਲੇ ਇਹ ਲੇਖਕ/ਚਿੰਤਕ ਵਕਤ ਨੇ ਆਪਣੇ ਵੇਗ ਨਾਲੋਂ ਸਾਡੇ ਤੋਂ ਦੂਰ ਲੈ ਜਾਣੇ ਹਨ। ਸਮਾਂ ਬੀਤੇਗਾ, ਆਉਣ ਵਾਲੀਆਂ ਪੀੜ੍ਹੀਆਂ ਕੋਲ ਇਨ੍ਹਾਂ ਦਾ ਕੰਮ ਤਾਂ ਹੋਵੇਗਾ ਪਰ ਇਹ ਆਪ ਨਹੀਂ ਹੋਣਗੇ। ਪਾਠਕ ਅੰਦਰ ਕਿਰਤ ਦੇ ਕਰਤਾ ਨੂੰ ਜਾਨਣ ਦੀ ਸਹਿਜ ਚਾਹਤ ਉਦੋਂ ਵੀ ਅੰਗੜਾਈਆਂ ਲਏਗੀ। ਉਸ ਵਕਤ ਇਹ ਮੁਲਾਕਾਤਾਂ ਉਨ੍ਹਾਂ ਦੂਰ ਬੀਤ ਗਏ ਕਰਤਿਆਂ ਨਾਲ ਪਾਠਕਾਂ ਦੀ ਕਾਲ ਮੁਕਤ ਮਿਲਣੀ ਹੋਇਆ ਕਰਨਗੀਆਂ। ਇਸ ਪਰਿਥਾਇ ਸਾਹਿਤਕ ਮੁਲਾਕਾਤਾਂ ਸਰਬਕਾਲੀ ਚਰਿੱਤਰ ਦੀਆਂ ਧਾਰਨੀ ਬਣ ਜਾਂਦੀਆਂ ਹਨ। ਕਿਉਂਕਿ ਇਨ੍ਹਾਂ ਮੁਲਾਕਾਤਾਂ ਨੇ ਸਾਹਿਤਕ ਸੰਸਾਰ ਦੇ ਭਵਿੱਖ ਨੂੰ ਪ੍ਰੇਰਤ ਅਤੇ ਪ੍ਰਭਾਵਿਤ ਕਰਨਾ ਹੈ ਤਾਂ ਇਸ ਕਾਰਨ ਇਨ੍ਹਾਂ ਦੀ ਸਾਰਥਕਤਾ ਅਤੇ ਵਿਧਾਗਤ ਪਵਿੱਤਰਤਾ ਪ੍ਰਤਿ ਸਮੁੱਚੇ ਪੰਜਾਬੀ ਸਾਹਿਤਕ ਜਗਤ ਦਾ ਗੰਭੀਰ ਧਿਆਨ ਦਰਕਾਰ ਹੈ।